ਬੇਗਮ ਸੈਠਾ

ਡਾ. ਗੁਰਬਚਨ ਸਿੰਘ ਰਾਹੀ



www.punjabilibrary.com

ਇਸ ਤੋਂ ਪਹਿਲਾਂ ਇਸੇ ਕਲਮ ਤੋਂ.....

(ੳ) ਕਾਵਿ ਸੰਗ੍ਰਹਿ

1. ਮੌਤ ਦਾ ਵਪਾਰ, 2. ਆਸ ਦਾ ਫੁੱਲ, 3. ਅਗਨ ਕ੍ਰੀੜਾ, 4. ਕੁਝ ਗੱਲਾਂ 5. ਅੱਖਰ ਅੱਖਰ ਸ਼ਬਦ, 6. ਤੇਰਾ ਅਕਾਸ਼ ਮੇਰੀ ਉਡਾਣ

(ਅ) ਆਲੋਚਨਾ

7. ਗੁਰੂ ਨਾਨਕ ਬਾਣੀ ਵਿਵੇਚਨ, 8. ਕਰਮ ਪ੍ਰਤਿਕਰਮ, 9. ਜਪੁ ਜੀ ਤੇ ਆਸਾ ਦੀ ਵਾਰ, 10. ਅਨੁਭਵ ਤੇ ਸਮੀਖਿਆ, 11. ਧਾਰਮਿਕ ਨਾਟਕ ਅਤੇ ਪੰਜਾਬੀ ਰੰਗਮੰਚ

(ੲ) ਸੰਪਾਦਨ/ਵਿਆਕਰਣ/ਕੋਸ਼ਕਾਰੀ

12. ਜ਼ੈਨਾ ਦਾ ਵਿਰਲਾਪ (ਕਾਵਿ-ਨਾਟਕ), 13. ਮੱਧਕਾਲੀਨ ਪੰਜਾਬੀ ਕਾਵਿ (ਪੰਜਾਬੀ ਯੂਨੀਵਰਸਿਟੀ ਦੁਆਰ ਪ੍ਰਕਾਸ਼ਿਤ) , 14. ਅੰਗ੍ਰੇਜ਼ੀ-ਪੰਜਾਬੀ ਪ੍ਰਬੰਧਕੀ ਸ਼ਬਦਾਵਲੀ (ਸਹਿਯੋਗ) ਭਾਸ਼ਾ ਵਿਭਾਗ, ਪੰਜਾਬ ਦੁਆਰਾ ਪ੍ਰਕਾਸ਼ਿਤ, 15 ਆਧੁਨਿਕ ਪੰਜਾਬੀ ਵਿਆਕਰਣ ਤੇ ਲੇਖ ਰਚਨਾ (ਸਹਿਯੋਗ), 16. ਜਨਰਲ ਪੰਜਾਬੀ ਪੁਸਤਕ (ਸਹਿਯੋਗ), 17. ਆਧੁਨਿਕ ਪੰਜਾਬੀ ਪ੍ਰਬੋਧ (ਸਹਿਯੋਗ)

(ਸ) ਅਨੁਵਾਦ

18. ਗਾਥਾ ਭਾਰਤ ਦੇਸ਼ ਦੀ (ਪੰਡਿਤ ਜਵਾਹਰ ਲਾਲ ਨਹਿਰ ਦੀ ਸੰਸਾਰ ਪ੍ਰਸਿੱਧ ਪੁਸਤਕ Discovery of India ਦਾ ਅਨੁਵਾਦ (ਭਾਸ਼ਾ ਵਿਭਾਗ, ਪੰਜਾਬ ਦੁਆਰਾ ਪ੍ਰਕਾਸ਼ਿਤ-ਸਹਿਯੋਗ)

(ਹ) ਲਿਪੀ-ਅੰਤਰਣ

19. ਨਏ ਮੌਸਮੋਂ ਕੇ ਗੁਲਾਬ (ਅਜ਼ਾਦ ਗੁਲਾਟੀ ਦਾ ਗ਼ਜ਼ਲ ਸੰਗ੍ਰਹਿ)

(ਕ) ਬਾਲ ਸਾਹਿਤ

20. ਹਵਾਈ ਜਹਾਜ਼ (ਭਾਸ਼ਾ ਵਿਭਾਗ, ਪੰਜਾਬ ਦੁਆਰਾ ਪ੍ਰਕਾਸ਼ਿਤ), 21. ਸੜਕਾਂ ਦੇ ਨਿਯਮ (ਭਾਸ਼ਾ ਵਿਭਾਗ, ਪੰਜਾਬ ਦੁਆਰਾ ਪ੍ਰਕਾਸ਼ਿਤ), 22. ਸਾਡੇ ਰਸਮ ਰਿਵਾਜ (ਭਾਸ਼ਾ ਵਿਭਾਗ, ਪੰਜਾਬ ਦੁਆਰਾ ਪ੍ਰਕਾਸ਼ਨ ਹਿਤ ਪ੍ਰਵਾਨ)

(ਖ) ਸਹਿਯੋਗੀ ਲੇਖਕ ਵਜੋਂ

23. ਪੂਰਨ ਸਿੰਘ ਸਿਮ੍ਰਤੀ, 24. ਕਹਾਣੀਕਾਰ ਰਾਮ ਸਰੂਪ ਅਣਖੀ, 25. ਪੰਜਾਬੀ ਕਾਵਿ-ਪਰੰਪਰਾ (ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ), 26. ਉਚੇਰੀ ਪੰਜਾਬੀ ਸਿੱਖਿਆ, 27. ਅੰਗ੍ਰੇਜ਼ੀ-ਪੰਜਾਬੀ ਤਕਨੀਕੀ ਸ਼ਬਦਾਬਲੀ (ਵਿਭਿੰਨ ਵਿਸ਼ੇ-9 ਭਾਗਾਂ ਵਿੱਚ) ਭਾਸ਼ਾ ਵਿਭਾਗ, ਪੰਜਾਬ ਦੁਆਰਾ ਪ੍ਰਕਾਸ਼ਿਤ

www.punjabilibrary.com

ਬੇਗਮ ਜ਼ੈਨਾ

(ਇਤਿਹਾਸਕ ਨਾਟਕ)

ਡਾ. ਗੁਰਬਚਨ ਸਿੰਘ ਰਾਹੀ

ਸੰਗਮ ਪਬਲੀਕੇਸ਼ਨਜ਼, ਸਮਾਣਾ

www.punjabilibrary.com

BEGAM ZENA

by

Dr. Gurbachan Singh Rahi
M.A. (His.) M.A. (Pbi.) Ph.D. P.E.S (I) (Retd.)
(Gold Medalist)
Address: 36-Doctors Enclave
Stadium Road, Patiala-1477001
Phone: 0175-2309188
98780-36188

ISBN 978-93-81316-95-5

© Author
2012

Price Rs.100/-

Published by
Sangam Publications
Sekhon Colony, near bus stand
Samana-147101, Distt. Patiala (Pb.)
Ph. 01764-223047,222347
Mob. 9815243917

Printed at : Shiv Shakti Printers, Delhi

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.

www.punjabilibrary.com

ਸਮਰਪਣ

ਸਤਿਕਾਰਯੋਗ ਸਵਰਗਵਾਸੀ ਦਾਦਾ

ਸ. ਸੰਤ ਸਿੰਘ ਢੀਂਗਰਾ ਜੀ ਦੀ ਪਾਵਨ ਸਿਮ੍ਰਤੀ ਨੂੰ

ਤਤਕਰਾ

- ਆਦਿਕਾ/7-11
- ਅਣਗੌਲੇ ਪਾਤਰ ਦੀ ਪਛਾਣ—ਸਤਿੰਦਰ ਸਿੰਘ ਨੰਦਾ/12-13
- ਨਾਟਕ, ਰੰਗਮੰਚ ਅਤੇ ਧਰਮ/14-38
- ਬੇਗਮ ਜ਼ੈਨਾ (ਇਤਿਹਾਸਕ ਨਾਟਕ)/39-63

ਆਦਿਕਾ-
ਕੁਝ ਆਪਣੇ ਵੱਲੋਂ

ਪੰਜਾਬ ਦਾ ਇਤਿਹਾਸ ਸੰਘਰਸ਼ ਅਤੇ ਕੁਰਬਾਨੀਆਂ ਦਾ ਇਤਿਹਾਸ ਹੈ। ਜੇ ਬਾਰੀਕਬੀਨੀ ਨਾਲ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦਾ ਇਤਿਹਾਸ ਹੈ ਹੀ ਸਿੱਖ ਇਤਿਹਾਸ। ਪੰਜਾਬ ਦਾ ਇਤਿਹਾਸ ਅਤੇ ਸਿੱਖ ਇਤਿਹਾਸ ਪਰਿਆਵਿਵਾਚੀ ਸੰਗਿਆਵਾਂ ਹਨ। ਅਸਲ ਵਿੱਚ, ਇਹ ਪੰਜਾਬੀਆਂ ਦਾ ਆਪਣੇ ਅਸਤਿਤਵ ਜਾਂ ਹੋਂਦ ਨੂੰ ਸਥਾਪਿਤ ਕਰਨ ਲਈ ਕੀਤੇ ਸੰਘਰਸ਼ ਦਾ, ਘੋਲ ਦਾ ਇਤਿਹਾਸ ਹੈ। ਇਹ ਇਤਿਹਾਸ ਅਜਿਹੇ ਯੋਧਿਆਂ, ਸੂਰਬੀਰਾਂ ਅਤੇ ਵੀਰਾਂਗਣਾਵਾਂ ਦਾ ਗੁਣ-ਗਾਣ ਕਰਦਾ ਹੈ, ਜਿਨ੍ਹਾਂ ਉਤੇ ਮਾਨਵ-ਜਾਤੀ ਹਮੇਸ਼ਾ ਮਾਨ ਕਰਦੀ ਰਹੇਗੀ। ਇਹ ਇਤਿਹਾਸ ਇਨ੍ਹਾਂ ਸੂਰਬੀਰਾਂ ਤੇ ਵੀਰਾਂਗਣਾਵਾਂ ਦੇ ਵੀਰਤਾ ਭਰੇ ਕਾਰਨਾਮਿਆਂ ਨਾਲ ਭਰਿਆ ਹੋਇਆ ਹੈ, ਜਿਨ੍ਹਾਂ ਨੇ ਧਰਮ ਦੀ ਰੱਖਿਆ ਅਤੇ ਧਰਮ ਦੇ ਮੂਲ ਸਿਧਾਂਤਾਂ ਦੇ ਵਿਹਾਰਿਕ ਰੂਪ ਨੂੰ ਲੋਕਾਂ ਦੇ ਸਾਹਮਣੇ ਰੱਖਣ ਲਈ ਦਿਲ-ਕੰਬਾਊ ਪਰ ਮੁਰਦਾ ਰੂਹਾਂ ਵਿਚ ਪ੍ਰਾਣਾਂ ਦਾ ਸੰਚਾਰ ਕਰਨ ਵਾਲੀਆਂ ਕੁਰਬਾਨੀਆਂ ਕੀਤੀਆਂ। ਕੁਰਬਾਨੀਆਂ ਅਤੇ ਸ਼ਹਾਦਤਾਂ ਦਾ ਇਹ ਸਿਲਸਿਲਾ ਮੱਧ-ਕਾਲ ਵਿਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਆਰੰਭ ਹੋਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਚਰਮ-ਸੀਮਾ 'ਤੇ ਪਹੁੰਚਿਆ। ਧਰਮ ਲਈ ਕੁਰਬਾਨੀਆਂ ਦੇਣ ਦੀ ਪਰੰਪਰਾ ਭਾਵੇਂ ਅਜੇ ਵੀ ਜਾਰੀ ਹੈ, ਪਰੰਤੂ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੰਸਾਰ ਦੇ ਇਤਿਹਾਸ ਵਿੱਚ ਇਕ ਅਦੁੱਤੀ ਸ਼ਹਾਦਤ ਹੈ।

ਸਿੱਖ ਇਤਿਹਾਸ ਵਿੱਚ ਇਹ ਵਿਚਾਰ ਸਰਵ-ਪ੍ਰਵਾਨਿਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣੇ ਜਾਣ ਵਿਰੁਧ ਕੇਵਲ ਮਲੇਰਕੋਟਲਾ ਦੇ ਨਵਾਬ ਨੇ ਹੀ ਹਾਅ ਦਾ ਨਾਅਰਾ ਮਾਰਿਆ ਸੀ, ਪਰੰਤੂ ਸਿੱਖ ਜਗਤ ਵਿੱਚ ਬਹੁਤੇ ਲੋਕਾਂ ਨੂੰ ਸ਼ਾਇਦ ਇਸ ਗੱਲ ਦਾ ਇਲਮ ਨਹੀਂ ਹੈ ਕਿ ਨਵਾਬ ਮਲੇਰਕੋਟਲਾ ਤੋਂ ਇਲਾਵਾ ਇਕ ਹੋਰ ਵੀਰਾਂਗਣਾ ਵੀ ਹੋਈ ਹੈ, ਜਿਸ ਨੇ ਸੂਬਾ ਸਰਹੰਦ ਨੂੰ ਇਹ ਕੁਕਰਮ ਕਰਨ ਤੋਂ ਰੋਕਿਆ ਸੀ ਤੇ ਉਸ ਕੋਲੋਂ ਵਚਨ ਵੀ ਲਿਆ ਸੀ ਕਿ ਉਹ ਇਹ ਪਾਪ ਨਹੀਂ ਕਰੇਗਾ, ਪਰ ਸੂਬਾ ਸਰਹੰਦ ਵੱਲੋਂ ਇਸ ਤਰ੍ਹਾਂ ਨਾ ਕੀਤੇ ਜਾਣ 'ਤੇ ਉਹ ਨਵਾਬ ਦੇ ਸਾਹਮਣੇ ਕਟਾਰ ਮਾਰ ਕੇ ਖ਼ੁਦ-ਕੁਸ਼ੀ ਕਰ ਲੈਂਦੀ ਹੈ।

ਇਹ ਵੀਰਾਂਗਣਾ ਕੌਣ ਸੀ, ਜਿਸ ਨੇ ਵੀਰਤਾ ਨਾਲ ਇਹ ਮਹਾਨ ਕਾਰਜ ਕੀਤਾ? ਉਸਦਾ ਨਾਂ ਸੀ "ਬੇਗਮ ਜ਼ੈਨਾ"। ਇਹ ਸੂਬਾ ਸਰਹੰਦ ਨਵਾਬ ਵਜ਼ੀਰ ਖਾਂ ਦੀ ਹਿੰਦੂਉਂ

www.punjabilibrary.com

ਮੁਸਲਮਾਨ ਬਣਾਈ ਬੇਗਮ ਸੀ। ਕਈਆਂ ਲੋਕਾਂ ਨੂੰ ਇੰਜ ਜਾਪਦਾ ਹੋਵੇਗਾ ਕਿ ਇਹ ਕੋਈ ਮਨੋਕਲਪਿਤ ਪਾਤਰ ਹੋਵੇਗੀ, ਪਰੰਤੂ ਇਹ ਇਕ ਜੀਊਂਦੀ ਜਾਗਦੀ ਇਤਿਹਾਸਕ ਪਾਤਰ ਹੈ; ਜਿਸ ਦੀ ਕੁਰਬਾਨੀ ਬਾਰੇ ਸਭ ਤੋਂ ਪਹਿਲਾਂ ਸੰਨ 1902 ਵਿੱਚ ਭਾਈ ਵੀਰ ਸਿੰਘ ਜੀ ਨੇ "ਜ਼ੈਨਾ ਦਾ ਵਿਰਲਾਪ" ਸਿਰਲੇਖ ਹੇਠ ਇਕ ਤਿੰਨ ਅੰਕੀ ਸੰਪੂਰਨ ਕਾਵਿ-ਨਾਟਕ ਲਿਖਿਆ, ਜੋ ਗੋਬਿੰਦ ਸਿੰਘ ਜੀ ਦੇ ਜੀਵਨ ਇਤਿਹਾਸ ਸਬੰਧੀ ਲਿਖੇ ਉਨ੍ਹਾਂ ਦੇ ਗ੍ਰੰਥ "ਸ੍ਰੀ ਕਲਗੀਧਰ ਚਮਤਕਾਰ" ਵਿੱਚ ਦਰਜ ਹੈ। ਇਹ ਗ੍ਰੰਥ ਕਿਉਂਜੋ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਇਤਿਹਾਸ ਹੈ, ਇਸ ਲਈ ਇਸ ਵਿੱਚ ਮਨੋ-ਕਲਪਿਤ ਪਾਤਰਾਂ ਦੇ ਆਉਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਸ ਵਿੱਚ ਆਏ ਸਾਰੇ ਹੀ ਪਾਤਰ ਇਤਿਹਾਸਿਕ ਅਤੇ ਜੀਊਂਦੇ ਜਾਗਦੇ ਪਾਤਰ ਹਨ। ਭਾਈ ਵੀਰ ਸਿੰਘ ਰਚਿਤ ਇਸ ਗ੍ਰੰਥ ਵਿੱਚ ਉਨ੍ਹਾਂ ਨੇ ਇਕ ਅਜਿਹੀ ਸ਼ੈਲੀ ਅਪਣਾਈ ਹੈ, ਜਿਸ ਵਿੱਚ ਕਵਿਤਾ ਅਤੇ ਵਾਰਤਕ ਦਾ ਬੜਾ ਵਧੀਆ ਸੁਮੇਲ ਜਾਂ ਸੁਮਿਸ਼ਰਨ ਹੈ। ਕੁਝ ਘਟਨਾਵਾਂ ਉਨ੍ਹਾਂ ਨੇ ਵਾਰਤਕ ਵਿੱਚ ਲਿਖੀਆਂ ਤੇ ਕੁਝ ਕਵਿਤਾ ਵਿੱਚ। "ਜ਼ੈਨਾ ਦਾ ਵਿਰਲਾਪ" (ਕਲਗੀਧਰ ਚਮਤਕਾਰ, ਪ੍ਰਸੰਗ 74, ਪੰਨਾ 681 ਤੋਂ 698) ਉਨ੍ਹਾਂ ਨੇ ਕਵਿਤਾ ਵਿੱਚ ਲਿਖਿਆ ਹੈ। ਕਵਿਤਾ ਵੀ ਇਕ ਸੰਪੂਰਨ ਨਾਟਕ ਦੇ ਰੂਪ ਅਤੇ ਪ੍ਰਮਾਣਿਕ ਨਾਟ-ਸ਼ੈਲੀ ਵਿੱਚ; ਜੋ ਇਕ ਆਦਰਸ਼ਕ ਕਾਵਿ-ਨਾਟਕ ਦੇ ਰੂਪ ਵਿੱਚ ਸਾਡੇ ਸਾਹਮਣੇ ਆਉਂਦਾ ਹੈ।

'ਜ਼ੈਨਾ' ਕੌਣ ਸੀ? ਇਸ ਸਬੰਧ ਵਿੱਚ ਭਾਈ ਵੀਰ ਸਿੰਘ ਜੀ ਕਲਗੀਧਰ ਚਮਤਕਾਰ ਵਿੱਚ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਖਿਡਾਉਣ ਵਾਸਤੇ ਉਨ੍ਹਾਂ ਨੇ ਰਾਜਪੂਤ ਜਾਤੀ ਦੀ ਸਿੱਖ ਬਣੀ ਇਕ ਦਾਸੀ ਰੱਖੀ ਹੋਈ ਸੀ; ਜੋ ਆਪਣੇ ਪਤੀ ਸਮੇਤ ਗੁਰੂ-ਮਹੱਲਾਂ ਵਿੱਚ ਰਹਿੰਦੀ ਸੀ। ਉਸ ਦੀਆਂ ਕਈ ਪੁਰਾਣੀਆਂ ਸਹੇਲੀਆਂ ਸਨ, ਜੋ ਕਦੇ ਕਦੇ ਉਸ ਨੂੰ ਮਿਲਣ ਲਈ ਗੁਰੂ-ਮਹੱਲਾਂ ਵਿੱਚ ਆਉਂਦੀਆਂ ਜਾਂਦੀਆਂ ਸਨ। ਇਕ ਵਾਰ ਉਸ ਦੀ 'ਸੁਹਾਗੋ' ਨਾਂ ਦੀ ਰਾਜਪੂਤ ਸਹੇਲੀ ਆਪਣੀ ਧੀ 'ਭਾਗੋ' ਨੂੰ ਨਾਲ ਲੈ ਕੇ ਕੁਝ ਦਿਨਾਂ ਲਈ ਉਸ ਕੋਲ ਆ ਕੇ ਰਹਿੰਦੀ ਹੈ। ਕੁਝ ਸਮੇਂ ਮਗਰੋਂ 'ਸੁਹਾਗੋ' ਬਿਲਾਸਪੁਰ ਦੇ ਰਾਜੇ ਦੇ ਮਹੱਲਾਂ ਵਿੱਚ ਨੌਕਰੀ ਕਰਨ ਲੱਗ ਜਾਂਦੀ ਹੈ। ਉਸ ਦੀ ਧੀ 'ਭਾਗੋ' ਵੀ ਉਥੇ ਉਸ ਦੇ ਨਾਲ ਰਹਿੰਦੀ ਹੈ। ਭਾਗੋ ਨੇ ਗੁਰੂ ਘਰ ਦਾ ਸਾਰਾ ਮਾਹੌਲ ਚੰਗੀ ਤਰ੍ਹਾਂ ਵੇਖਿਆ ਹੋਇਆ ਸੀ ਤੇ ਉਸ ਦੇ ਮਨ ਉੱਤੇ ਉਸ ਦਾ ਬੜਾ ਸੁਖਾਵਾਂ ਤੇ ਉੱਤਮ ਪ੍ਰਭਾਵ ਪਿਆ ਹੋਇਆ ਸੀ। ਫਲਸਰੂਪ, ਉਹ ਗੁਰੂ-ਘਰ ਪ੍ਰਤੀ ਬੜੀ ਸ਼ਰਧਾ-ਭਾਵਨਾ ਰੱਖਦੀ ਸੀ। ਬਿਲਾਸਪੁਰ ਦੇ ਰਾਜ-ਮਹੱਲਾਂ ਦੇ ਸ਼ਡਯੰਤਰਾਂ ਤੋਂ ਵੀ ਉਹ ਪੂਰੀ ਤਰ੍ਹਾਂ ਜਾਣੂ ਹੋ ਜਾਂਦੀ ਹੈ। ਜਵਾਨ ਹੋਣ 'ਤੇ ਉਹ ਬੜੀ ਸੁਸ਼ੀਲ ਤੇ ਸੁੰਦਰ ਨਿਕਲਦੀ ਹੈ। ਉਸ ਦੇ ਮਾਤਾ ਪਿਤਾ ਉਸ ਦਾ ਵਿਆਹ ਕਰ ਦੇਂਦੇ ਹਨ। ਸਬੱਬ ਨਾਲ ਉਸ ਦਾ ਸਹੁਰਾ ਘਰ ਸਰਹੰਦ ਵਿੱਚ ਹੀ ਹੁੰਦਾ ਹੈ। ਉਸ ਦੀ ਸੁੰਦਰਤਾ ਦੀਆਂ ਧੁੰਮਾਂ ਪਹਿਲਾਂ ਹੀ ਪੈ ਚੁੱਕੀਆਂ ਸਨ। ਇਸ ਲਈ ਜਦੋਂ ਉਸ ਦਾ ਡੋਲਾ ਸਰਹੰਦ ਵੱਲ ਆ ਰਿਹਾ ਹੁੰਦਾ ਹੈ ਤਾਂ ਸੂਬਾ ਸਰਹੰਦ ਦੇ ਕਹਿਣ 'ਤੇ ਰਸਤੇ ਵਿੱਚ ਹੀ ਉਸ ਦਾ ਡੋਲਾ ਲੁੱਟ ਲਿਆ ਜਾਂਦਾ ਹੈ ਤੇ ਉਸ ਨੂੰ ਸਰਹੰਦ ਦੇ ਨਵਾਬ ਦੇ ਮਹੱਲਾਂ ਵਿੱਚ ਪਹੁੰਚਾ ਦਿੱਤਾ ਜਾਂਦਾ ਹੈ। ਨਵਾਬ ਵੱਲੋਂ ਉਸ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਮੁਸਲਮਾਨ ਬਣਕੇ ਉਸ ਨਾਲ ਸ਼ਾਦੀ ਕਰ ਲਵੇ। ਕਾਫ਼ੀ ਸਮੇਂ ਤਕ ਉਹ ਨਵਾਬ ਦੇ ਆਖੇ ਨਹੀਂ ਲੱਗਦੀ ਤੇ ਆਪਣੇ ਧਰਮ ਨੂੰ ਕਿਸੇ ਨਾ ਕਿਸੇ ਤਰ੍ਹਾਂ ਬਚਾਉਂਦੀ

ਰਹਿੰਦੀ ਹੈ, ਪਰ ਉਹ ਅਬਲਾ ਕਿੰਨਾ ਕੁ ਚਿਰ ਉਸ ਦਾ ਵਿਰੋਧ ਕਰ ਸਕਦੀ ਸੀ। ਅੰਤ ਉਸ ਨੂੰ ਨਵਾਬ ਦੀਆਂ ਇੱਛਾਵਾਂ ਸਾਹਮਣੇ ਝੁਕਣਾ ਹੀ ਪੈਂਦਾ ਹੈ। ਨਵਾਬ ਉਸ ਨੂੰ ਮੁਸਲਮਾਨ ਬਣਾ ਲੈਂਦਾ ਹੈ ਤੇ ਨਿਕਾਹ ਕਰ ਲੈਂਦਾ ਹੈ। ਉਸ ਦਾ ਨਾਂ "ਜ਼ੈਨਬੁਨਿੱਸਾ" ਰੱਖਿਆ ਜਾਂਦਾ ਹੈ। ਨਵਾਬ ਉਸ ਨੂੰ ਲਾਡ ਨਾਲ 'ਜ਼ੈਨਾ' ਕਹਿ ਕੇ ਬੁਲਾਂਦਾ ਹੈ। ਉਹ ਬੇਗਮ ਤਾਂ ਬਣ ਜਾਂਦੀ ਹੈ ਪਰ ਗੁਰੂ ਘਰ ਪ੍ਰਤੀ ਉਸ ਦੀ ਸ਼ਰਧਾ ਉਸੇ ਤਰ੍ਹਾਂ ਕਾਇਮ ਰਹਿੰਦੀ ਹੈ।

ਉਨ੍ਹਾਂ ਦਿਨਾਂ ਵਿੱਚ ਸਿੱਖਾਂ ਉੱਤੇ ਘੋਰ ਅਤਿਆਚਾਰ ਕੀਤੇ ਜਾਂਦੇ ਸਨ। ਉਹ ਸਿੱਖਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਗੁਪਤ ਰੂਪ ਵਿੱਚ ਸਹਾਇਤਾ ਪਹੁੰਚਾਉਂਦੀ ਰਹਿੰਦੀ ਹੈ। ਜਦੋਂ ਗੰਗੂ ਬ੍ਰਾਹਮਣ ਦੀ ਸਾਜ਼ਿਸ਼ ਨਾਲ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਨਵਾਬ ਦੇ ਸਪੁਰਦ ਕਰ ਦਿੱਤਾ ਜਾਂਦਾ ਹੈ ਤਾਂ ਨਵਾਬ, ਮੁੱਲਾਂ, ਕਾਜ਼ੀ, ਮੁਫ਼ਤੀ ਅਤੇ ਹੋਰਨਾਂ ਅਮੀਰਾਂ ਵਜ਼ੀਰਾਂ ਨਾਲ ਸਲਾਹ ਕਰ ਕੇ ਬੱਚਿਆਂ ਨੂੰ ਧਰਮ-ਬਦਲੀ ਲਈ ਲਾਲਚ ਦੇਂਦਾ ਹੈ। ਜਦੋਂ ਸਾਹਿਬਜ਼ਾਦੇ ਇਸ ਤਰ੍ਹਾਂ ਕਰਨਾ ਸਵੀਕਾਰ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਨੀਹਾਂ ਵਿੱਚ ਚਿਣੇ ਜਾਣ ਦਾ ਫ਼ਤਵਾ ਦੇ ਦਿੱਤਾ ਜਾਂਦਾ ਹੈ। ਜ਼ੈਨਾ ਨੂੰ ਇਸ ਸਾਰੀ ਘਟਨਾ ਦਾ ਆਪਣੇ ਗੁਪਤ ਸਾਧਨਾਂ ਤੇ ਵਸੀਲਿਆਂ ਰਾਹੀਂ ਪਤਾ ਲੱਗਦਾ ਹੈ ਤਾਂ ਉਹ ਨਵਾਬ ਨੂੰ ਇਹ ਕੁਕਰਮ ਕਰਨ ਤੋਂ ਰੋਕਦੀ ਹੈ। ਉਸ ਨੂੰ ਇਹ ਡਰ ਵੀ ਭਾਸਦਾ ਹੈ ਕਿ ਅਜਿਹਾ ਜ਼ੁਲਮ ਹੋ ਜਾਣ 'ਤੇ ਉਨ੍ਹਾਂ ਦਾ ਰਾਜ ਭਾਗ ਸਭ ਨਸ਼ਟ ਹੋ ਜਾਵੇਗਾ। ਉਹ ਨਵਾਬ ਨੂੰ ਬੜਾ ਰੋਕਦੀ ਹੈ ਪਰ ਜਦੋਂ ਨਵਾਬ ਉਨ੍ਹਾਂ ਨੂੰ ਸ਼ਹੀਦ ਕਰ ਕੇ ਵਾਪਸ ਮਹੱਲਾਂ ਵਿੱਚ ਆਉਂਦਾ ਹੈ ਤਾਂ ਜ਼ੈਨਾ ਨਵਾਬ ਨਾਲ ਕਾਫ਼ੀ ਤਕਰਾਰ ਕਰਦੀ ਹੈ ਤੇ ਅੰਤ ਵਿੱਚ ਖੰਜਰ ਮਾਰ ਕੇ ਆਤਮ ਹੱਤਿਆ ਕਰ ਲੈਂਦੀ ਹੈ।

ਜਿਵੇਂ ਕਿ ਮੈਂ ਪਹਿਲਾਂ ਦੱਸਿਆ ਹੈ, ਭਾਈ ਵੀਰ ਸਿੰਘ ਨੇ ਇਹ ਨਾਟਕ ਕਵਿਤਾ ਵਿੱਚ ਲਿਖਿਆ ਸੀ ਤੇ ਉਹ ਵੀ ਸਿਰਖੰਡੀ ਛੰਦ ਵਿੱਚ। ਇਹੋ ਕਾਰਨ ਹੈ ਕਿ ਇਹ ਨਾਟਕ ਅਜੇ ਤੱਕ ਕਿਤੇ ਖੇਡਿਆ ਨਹੀਂ ਗਿਆ। 'ਜ਼ੈਨਾ' ਦੀ ਘਟਨਾ ਸਿੱਖ ਇਤਿਹਾਸ ਦੀ ਇਕ ਮਹੱਤਵਪੂਰਨ ਘਟਨਾ ਹੈ। ਇਸ ਲਈ ਇਸ ਬਾਰੇ ਸਿੱਖ ਜਗਤ ਨੂੰ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਨਾਟਕ ਨਾਲ ਦੋ ਹੋਰ ਗੱਲਾਂ ਨਿਖਰ ਕੇ ਸਾਹਮਣੇ ਆਉਂਦੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਨਾਲ ਪੰਜਾਬੀ ਨਾਟਕ ਦਾ ਇਤਿਹਾਸ, ਜੋ ਕਿ ਆਮ ਤੌਰ 'ਤੇ ਪ੍ਰੋ. ਆਈ. ਸੀ. ਨੰਦਾ ਦੇ ਨਾਟਕਾਂ ਤੋਂ ਹੀ ਆਰੰਭ ਹੋਇਆ ਸਮਝਿਆ ਜਾਂਦਾ ਹੈ, ਉਹ ਸਮਾਂ ਹੋਰ ਪਿਛੇ ਚਲਾ ਜਾਂਦਾ ਹੈ। ਭਾਈ ਵੀਰ ਸਿੰਘ ਦੀ ਇਕ ਨਾਟਕਕਾਰ ਵਜੋਂ ਦੇਣ ਉੱਤੇ ਵਿਚਾਰ ਕਰਨ ਸਮੇਂ ਵੀ ਵਿਦਵਾਨ ਸੱਜਣ ਉਨ੍ਹਾਂ ਦੇ ਇਕੋ ਹੀ ਨਾਟਕ "ਰਾਜਾ ਲਖਦਾਤਾ ਸਿੰਘ' ਦਾ ਜ਼ਿਕਰ ਕਰਦੇ ਹਨ, ਜੋ ਉਨ੍ਹਾਂ ਨੇ ਸੰਨ 1909 ਵਿੱਚ ਲਿਖਿਆ ਸੀ ਪਰੰਤੂ "ਜ਼ੈਨਾ ਦਾ ਵਿਰਲਾਪ" ਉਨ੍ਹਾਂ ਨੇ ਇਸ ਤੋਂ ਪਹਿਲਾਂ ਸੰਨ 1902 ਵਿੱਚ ਲਿਖਿਆ ਸੀ। ਇਹ ਕਾਵਿ-ਨਾਟਕ ਪਹਿਲਾਂ ਇਕ ਟ੍ਰੈਕਟ ਦੇ ਰੂਪ ਵਿੱਚ ਛਪਿਆ ਸੀ ਤੇ ਫਿਰ ਭਾਈ ਵੀਰ ਸਿੰਘ ਨੇ ਇਸ ਨੂੰ ਕਲਗੀਧਰ ਚਮਤਕਾਰ ਵਿੱਚ ਥਾਂ ਦਿੱਤੀ। ਇਹ ਠੀਕ ਹੈ ਕਿ ਇਹ ਨਾਟਕ ਕਵਿਤਾ ਵਿੱਚ ਹੈ, ਪਰ ਹੈ ਤਾਂ ਪੂਰਨ ਰੂਪ ਵਿੱਚ ਨਾਟ-ਸ਼ੈਲੀ ਵਿੱਚ ਲਿਖਿਆ। ਸੋ ਪੰਜਾਬੀ ਨਾਟਕ ਦੇ ਇਤਿਹਾਸ ਵਿੱਚ ਪਹਿਲਾ ਧਾਰਮਿਕ ਨਾਟਕ ਹੈ।

ਦੂਜੀ ਗੱਲ, ਸਿੱਖ ਇਤਿਹਾਸ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਾਕਾ

ਬੜਾ ਮਹੱਤਵ ਰੱਖਦਾ ਹੈ। ਜਿਵੇਂ ਕਿ ਮੈਂ ਪਹਿਲਾਂ ਵੀ ਦੱਸ ਆਇਆ ਹਾਂ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਉੱਤੇ ਹਾਅ ਦਾ ਨਾਅਰਾ ਮਾਰਨ ਵਾਲਾ ਕੇਵਲ ਨਵਾਬ ਮਲੇਰਕੋਟਲਾ ਹੀ ਨਹੀਂ ਸੀ ਸਗੋਂ ਜ਼ੈਨਾ ਬੇਗਮ ਵੀ ਸੀ। ਮੇਰੇ ਇਹ ਕਹਿਣ ਨਾਲ ਨਵਾਬ ਮਲੇਰਕੋਟਲਾ ਦੀ ਮਾਸੂਮ ਬੱਚਿਆਂ ਪ੍ਰਤੀ ਪ੍ਰਗਟ ਕੀਤੀ ਸਹਾਨੁਭੂਤੀ ਦੀ ਭਾਵਨਾ ਉਤੇ ਕੋਈ ਪ੍ਰਭਾਵ ਨਹੀਂ ਪੈਂਦਾ ਸਗੋਂ ਇਸ ਗੱਲ ਨੂੰ ਬਲ ਮਿਲਦਾ ਹੈ ਕਿ ਬੱਚਿਆਂ ਦੀ ਸ਼ਹਾਦਤ ਇਕ ਅਜਿਹਾ ਜ਼ਾਲਮਾਨਾ ਤੇ ਗ਼ੈਰ-ਮਨੁੱਖੀ ਕਾਰਾ ਸੀ, ਜਿਸ ਦੀ ਹਰੇਕ ਨੇਕ ਦਿਲ ਧਰਮ-ਪ੍ਰਸਤ ਇਨਸਾਨ ਮੁਜ਼ੱਮਤ ਕਰਦਾ ਹੈ।

ਸੋ ਮੈਂ ਭਾਈ ਸਾਹਿਬ ਦੇ ਇਸ ਨਾਟਕ ਨੂੰ ਆਧਾਰ ਬਣਾ ਕੇ ਇਸ ਸਾਰੀ ਘਟਨਾ ਨੂੰ ਵਾਰਤਕ ਵਿੱਚ ਲਿਖਣ ਦਾ ਯਤਨ ਕੀਤਾ ਹੈ ਤੇ ਮੈਨੂੰ ਉਮੀਦ ਹੈ ਕਿ ਮੈਂ ਇਸ ਯਤਨ ਵਿੱਚ ਜ਼ਰੂਰ ਸਫਲ ਹੋਇਆ ਹੋਵਾਂਗਾ। ਇਤਿਹਾਸ ਦੀ ਇਕ ਅਜਿਹੀ ਘਟਨਾ ਜੋ ਅਜੇ ਤੱਕ ਅਣਗੌਲੀ ਹੀ ਪਈ ਸੀ, ਹੁਣ ਮੰਚ ਉੱਤੇ ਦਿਖਾਈ ਜਾ ਸਕੇਗੀ ਤੇ ਵਿਖਾਉਣ ਵਿੱਚ ਕੋਈ ਦਿੱਕਤ ਵੀ ਨਹੀਂ ਆਏਗੀ। ਇਹ ਨਾਟਕ ਤਿੰਨ ਅੰਕਾਂ ਵਿੱਚ ਸੰਪੂਰਨ ਹੋਇਆ ਹੈ। ਪਹਿਲੇ ਅੰਕ ਵਿੱਚ ਨਵਾਬ ਅਤੇ ਜ਼ੈਨਾ ਦੀ ਵਾਰਤਾਲਾਪ ਹੁੰਦੀ ਹੈ। ਜ਼ੈਨਾ ਬੜਾ ਜ਼ੋਰ ਪਾ ਕੇ ਨਵਾਬ ਤੋਂ ਸਾਹਿਬਜ਼ਾਦਿਆਂ ਨੂੰ ਕਤਲ ਨਾ ਕਰਨ ਦਾ ਵਚਨ ਲੈਂਦੀ ਹੈ। ਬੇਗਮ ਆਪਣੇ ਮਨ ਦਾ ਇਹ ਤੌਖਲਾ ਵੀ ਉਸ ਅਗੇ ਪ੍ਰਗਟ ਕਰਦੀ ਹੈ ਇਹ ਕੁਕਰਮ ਹੋਣ ਨਾਲ ਸਰਹੰਦ ਦਾ ਰਾਜ-ਭਾਗ ਸਭ ਤਬਾਹ ਹੋ ਜਾਵੇਗਾ। ਜ਼ੈਨਾ ਨੂੰ ਇਥੇ ਇਤਨਾ ਵਿਆਕੁਲ ਵਿਖਾਇਆ ਗਿਆ ਹੈ ਕਿ ਉਹ ਇਸ ਅੰਕ ਵਿੱਚ ਹੀ ਆਤਮ-ਹੱਤਿਆ ਕਰਨ ਲਈ ਕਟਾਰ ਖਿੱਚ ਲੈਂਦੀ ਹੈ। ਨਵਾਬ ਉਸ ਦੇ ਹੱਥੋਂ ਕਟਾਰ ਖੋਹ ਲੈਂਦਾ ਹੈ। ਜ਼ੈਨਾ ਬੜੀਆਂ ਖਰੀਆਂ ਖਰੀਆਂ ਸੁਣਾਉਂਦੀ ਹੈ ਤੇ ਕਹਿ ਦਿੰਦੀ ਹੈ ਕਿ ਨਵਾਬ ਨੇ ਗੁਰੂ ਦੇ ਸ਼ਾਹਿਬਜ਼ਾਦਿਆਂ ਨੂੰ ਹੀ ਨਹੀਂ ਪਕੜਿਆ ਸਗੋਂ ਆਪਣੀ ਮੌਤ ਨੂੰ ਪਕੜਿਆ ਹੈ। ਨਵਾਬ ਆਪਣੀ ਬੇਵਸੀ ਦੱਸਦਾ ਹੈ। ਉਹ ਆਪਣੇ ਆਪ ਨੂੰ ਦਿੱਲੀ ਦੀ ਸਰਕਾਰ ਦਾ ਨੌਕਰ ਦੱਸਦਾ ਹੈ ਤੇ ਬੱਚਿਆਂ ਨੂੰ ਸ਼ਹੀਦ ਕਰਨਾ ਆਪਣਾ ਕਰਤਵ ਸਮਝਦਾ ਹੈ। ਉਹ ਕਹਿੰਦਾ ਹੈ ਕਿ ਇਸ ਤਰ੍ਹਾਂ ਨਾ ਕਰਨ 'ਤੇ ਦਿੱਲੀ ਦਾ ਬਾਦਸ਼ਾਹ ਉਸ ਨੂੰ ਦੁਰਕਾਰੇਗਾ; ਉਸ ਦੀ ਹਕੂਮਤ ਖੁੱਸ ਜਾਏਗੀ; ਕਾਜ਼ੀ ਤੇ ਮੁੱਲਾਂ ਉਸ ਨੂੰ ਦੀਨ ਇਸਲਾਮ 'ਚੋਂ ਕੱਢ ਦੇਣਗੇ। ਬੇਗਮ ਉਸ ਨੂੰ ਸਭ ਤਰ੍ਹਾਂ ਦੇ ਡਰ ਤੇ ਤੌਖ਼ਲੇ ਦੂਰ ਕਰ ਕੇ ਧਰਮ ਦਾ ਰਾਹ ਫੜਨ ਦਾ ਵਾਸਤਾ ਪਾਉਂਦੀ ਹੈ। ਨਵਾਬ ਬੇਗਮ ਨਾਲ, ਬੱਚਿਆਂ ਨੂੰ ਛੱਡ ਦੇਣ ਦਾ, ਵਚਨ ਕਰਦਾ ਹੈ ਤੇ ਸੌਂ ਜਾਂਦਾ ਹੈ।

ਦੂਜੇ ਅੰਕ ਵਿੱਚ ਸਰਹੰਦ ਦੇ ਰਾਜ ਭਵਨ ਦਾ ਖਾਸ ਕਮਰਾ ਹੈ, ਜਿੱਥੇ ਜ਼ਹੀਰੁੱਦੀਨ, ਕਾਜ਼ੀ ਰੁਕਨਦੀਨ, ਦੀਵਾਨ ਸੁੱਚਾ ਨੰਦ, ਅਮੀਰ ਰਫੀਉਦੀਨ, ਨਵਾਬ ਮਲੇਰਕੋਟਲਾ ਆਦਿ ਅਮੀਰ ਵਜ਼ੀਰ ਨਵਾਬ ਨਾਲ ਇਸ ਮਸਲੇ 'ਤੇ ਵਿਚਾਰ ਵਟਾਂਦਰਾ ਕਰਦੇ ਹਨ। ਹਰ ਕੋਈ ਆਪਣਾ ਆਪਣਾ ਮਤ ਪੇਸ਼ ਕਰਦਾ ਹੈ। ਸਿਵਾਏ ਨਵਾਬ ਮਲੇਰਕੋਟਲਾ ਦੇ ਸਾਰੇ ਹੀ ਸਾਹਿਬਜ਼ਾਦਿਆਂ ਨੂੰ ਇਸਲਾਮ ਕਬੂਲ ਕਰਵਾਉਣ ਜਾਂ ਮਾਰ ਦਿੱਤੇ ਜਾਣ ਉੱਤੇ ਜ਼ੋਰ ਦਿੰਦੇ ਹਨ। ਨਵਾਬ ਮਲੇਰਕੋਟਲਾ ਸਾਹਿਬਜ਼ਾਦਿਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਾ ਹੈ ਤੇ ਉਨ੍ਹਾਂ ਨੂੰ ਛੱਡ ਦਿੱਤੇ ਜਾਣ ਲਈ ਇਲਤਜਾ ਕਰਦਾ ਹੈ, ਅਪੀਲ ਕਰਦਾ ਹੈ। ਉਸ ਦੀ ਕਿਸੇ

www.punjabilibrary.com

ਵੀ ਦਲੀਲ ਜਾਂ ਅਪੀਲ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ। ਅੰਤ ਵਿੱਚ ਸਾਹਿਬਜ਼ਾਦਿਆਂ ਨੂੰ ਦਰਬਾਰ ਵਿੱਚ ਸੱਦ ਕੇ ਉਨ੍ਹਾਂ ਨੂੰ ਇਸਲਾਮ ਕਬੂਲਣ ਜਾਂ ਮੌਤ ਵਿੱਚੋਂ ਇੱਕ ਗੱਲ ਕਬੂਲ ਕਰਨ ਲਈ ਕਹੇ ਜਾਣ ਦਾ ਫੈਸਲਾ ਹੁੰਦਾ ਹੈ। ਸਾਰੇ ਉਥੋਂ ਚਲੇ ਜਾਂਦੇ ਹਨ। ਦਰਬਾਰ ਲੱਗਦਾ ਹੈ। ਸਾਹਿਬਜ਼ਾਦਿਆਂ ਵੱਲੋਂ ਇਸਲਾਮ ਕਬੂਲ ਕਰਨ ਤੋਂ ਨਾਂਹ ਕਰਨ 'ਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਜਾਂਦਾ ਹੈ। ਨਵਾਬ ਬਾਅਦ ਵਿੱਚ ਖ਼ੁਦ ਵੀ ਉਦਾਸ ਹੋ ਜਾਂਦਾ ਹੈ ਤੇ ਉਦਾਸੀ ਦੀ ਹਾਲਤ ਵਿੱਚ ਹੀ ਮਹੱਲਾਂ ਵਿੱਚ ਵਾਪਸ ਆਉਂਦਾ ਹੈ।

ਤੀਜੇ ਅੰਕ ਵਿੱਚ ਜ਼ੈਨਾ ਨੂੰ ਆਪਣੇ ਗੁਪਤ ਵਸੀਲਿਆਂ ਰਾਹੀਂ ਪਤਾ ਲੱਗ ਚੁੱਕਾ ਹੁੰਦਾ ਹੈ ਕਿ ਸਾਹਿਬਜ਼ਾਦਿਆਂ ਨੂੰ ਕਤਲ ਕਰ ਦਿੱਤਾ ਗਿਆ ਹੈ। ਉਹ ਨਵਾਬ ਨਾਲ ਬਹੁਤ ਲੜਦੀ ਹੈ, ਝਗੜਦੀ ਹੈ ਤੇ ਖ਼ਦਸ਼ਾ ਪ੍ਰਗਟ ਕਰਦੀ ਹੈ ਕਿ ਹੁਣ ਅਵੱਸ਼ ਹੀ ਉਨ੍ਹਾਂ ਉੱਤੇ ਕਹਿਰ ਟੁੱਟੇਗਾ, ਹੁਣ ਜ਼ਰੂਰ ਹੀ ਉਨ੍ਹਾਂ ਦੀ ਤਬਾਹੀ ਹੋਵੇਗੀ। ਉਹ ਤਰਲੋਮੱਛੀ ਹੁੰਦੀ ਹੈ। ਨਵਾਬ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਬੇਗਮ ਬੜੀ ਵਿਆਕੁਲ ਹੁੰਦੀ ਹੈ ਤੇ ਤੜਪਦੀ ਹੈ। ਆਪਣੇ ਆਪ ਨੂੰ ਕੋਸਦੀ ਹੈ ਤੇ ਧਿਕਾਰਦੀ ਹੈ ਕਿ ਉਸ ਨੇ ਆਪਣਾ ਧਰਮ, ਧਨ, ਦੌਲਤ ਪਿਛੇ ਗੁਆ ਲਿਆ ਹੈ। ਨਵਾਬ ਵੀ ਵਚਨ ਕਰ ਕੇ ਮੁੱਕਰ ਗਿਆ ਹੈ। ਉਹ ਕਟਾਰ ਖਿੱਚ ਕੇ ਸੀਨੇ ਵਿੱਚ ਮਾਰ ਲੈਂਦੀ ਹੈ। ਨਵਾਬ ਫੜਦਾ ਹੀ ਰਹਿ ਜਾਂਦਾ ਹੈ। ਇਥੇ ਪਹੁੰਚ ਕੇ ਨਾਟਕ ਦਾ ਅੰਤ ਹੋ ਜਾਂਦਾ ਹੈ।

ਨਾਟਕ 'ਬੇਗਮ ਜ਼ੈਨਾ' ਕਿਸੇ ਵੀ ਸ਼ੈਲੀ ਵਿੱਚ ਕਿਸੇ ਵੀ ਤਰ੍ਹਾਂ ਦੇ ਮੰਚ ਉੱਤੇ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ। ਸਾਰੇ ਹੀ ਪਾਤਰ ਜੀਊਂਦੇ ਜਾਗਦੇ ਇਤਿਹਾਸ ਦਾ ਹਿੱਸਾ ਹਨ। ਮੈਨੂੰ ਆਸ ਹੈ ਕਿ ਨਾਟਕ ਅਤੇ ਰੰਗਮੰਚ ਨਾਲ ਜੁੜੇ ਵਿਦਵਾਨ ਕਲਾਕਾਰ, ਰੰਗ ਕਰਮੀ ਅਤੇ ਨਿਰਦੇਸ਼ਕ ਮੇਰੇ ਇਸ ਉੱਦਮ ਨੂੰ ਉਚਿਤ ਸਮਝਦਿਆਂ ਹੋਇਆਂ ਪਸੰਦ ਕਰਨਗੇ ਤੇ ਇਸ ਦਾ ਮੰਚਣ ਕਰ ਕੇ ਇਤਿਹਾਸ ਦੇ ਇਸ ਅਣਗੌਲ਼ੇ ਪਾਤਰ ਦੀ ਕੁਰਬਾਨੀ ਤੋਂ ਲੋਕਾਂ ਨੂੰ ਜਾਣੂ ਕਰਵਾਉਣਗੇ।

ਆਮੀਨ!

—ਡਾ. ਗੁਰਬਚਨ ਸਿੰਘ ਰਾਹੀ

36-ਡਾਕਟਰਜ਼ ਐਨਕਲੇਵ,
ਸਟੇਡੀਅਮ ਰੋਡ,
ਪਟਿਆਲਾ—147001

ਅਣਗੌਲ਼ੇ ਪਾਤਰ ਦੀ ਪਛਾਣ

'ਬੇਗਮ ਜ਼ੈਨਾ' ਸਿੱਖ ਇਤਿਹਾਸ ਦਾ ਇਕ ਅਜਿਹਾ ਮਹਾਨ ਪਾਤਰ ਹੈ, ਜਿਸ ਨੂੰ ਪੰਜਾਬ ਦੇ ਇਤਿਹਾਸ ਨੇ, ਵਿਸ਼ੇਸ਼ ਕਰ ਕੇ ਸਿੱਖ ਇਤਿਹਾਸ ਨੇ ਅਤੇ ਪੰਜਾਬ ਵਾਸੀਆਂ ਨੇ ਅਜੇ ਤੱਕ ਅਣਗੌਲ਼ਿਆਂ ਹੀ ਕੀਤਾ ਹੋਇਆ ਸੀ। ਬਹੁਤ ਸਾਰੇ ਪੰਜਾਬੀਆਂ ਨੇ ਤਾਂ ਸ਼ਾਇਦ ਉਸ ਦਾ ਨਾਂ ਵੀ ਲਾ ਸੁਣਿਆ ਹੋਵੇ। ਇਸ ਸੂਰਬੀਰ, ਹਮਦਰਦੀ ਅਤੇ ਮਮਤਾ ਦੀ ਮੂਰਤ ਇਸਤਰੀ ਨੇ ਜੋ ਕਾਰਨਾਮਾ ਕੀਤਾ ਸੀ, ਉਸ ਨੂੰ ਕਦੇ ਭੁਲਾਇਆ ਨਹੀਂ ਜਾਣਾ ਚਾਹੀਦਾ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਿਰੁਧ ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਅਰਾ ਮਾਰਿਆ ਸੀ, ਪਰ ਇਸ ਸੂਰਬੀਰ ਇਸਤਰੀ ਨੇ ਤਾਂ ਇਸ ਸ਼ਹਾਦਤ ਦੇ ਗ਼ਮ ਵਿੱਚ ਖ਼ੁਦਕੁਸ਼ੀ ਕਰ ਲਈ ਸੀ। ਇਸ ਮਹਾਨ ਇਸਤਰੀ ਬਾਰੇ ਸਭ ਤੋਂ ਪਹਿਲਾਂ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਭਾਈ ਵੀਰ ਸਿੰਘ ਜੀ ਨੇ ਕਵਿਤਾ (ਸਿਰਖੰਡੀ ਛੰਦ) ਵਿੱਚ ਕਾਵਿ-ਨਾਟਕ ਲਿਖ ਕੇ ਸਾਨੂੰ ਜਾਣੂ ਕਰਵਾਇਆ ਸੀ। ਪਰ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਅਤੇ ਨਾਟਕਕਾਰਾਂ ਨੇ ਇਸ ਵੱਲ ਕਦੇ ਧਿਆਨ ਹੀ ਨਹੀਂ ਹੀ ਦਿੱਤਾ।

ਡਾ. ਗੁਰਬਚਨ ਸਿੰਘ ਰਾਹੀ ਨੇ ਇਸ ਦਿਸ਼ਾ ਵੱਲ ਪਹਿਲ ਕੀਤੀ ਹੈ। 'ਬੇਗ਼ਮ ਜ਼ੈਨਾ' ਨਾਟਕ ਲਿਖਣ ਤੋਂ ਪਹਿਲਾਂ ਡਾਕਟਰ ਰਾਹੀ ਨੇ ਭਾਈ ਵੀਰ ਸਿੰਘ ਦੇ ਮੂਲ ਨਾਟਕ ਦਾ ਸੰਪਾਦਕ ਕਰਕੇ ਇਸ ਨੂੰ ਪ੍ਰਕਾਸ਼ਿਤ ਕਰਵਾਇਆ ਤੇ ਹੁਣ ਉਸੇ ਨਾਟਕ ਨੂੰ ਆਧਾਰ ਬਣਾ ਕੇ ਉਸ ਨੂੰ ਵਾਰਤਕ ਦੇ ਰੂਪ ਵਿੱਚ ਲਿਖਿਆ ਹੈ। ਪੰਜਾਬੀ ਨਾਟਕ ਨੂੰ, ਵਿਸ਼ੇਸ਼ ਕਰ ਕੇ ਸਿੱਖ ਇਤਿਹਾਸ ਨਾਲ ਸਬੰਧਿਤ ਨਾਟਕ ਨੂੰ, ਵਿਕਸਿਤ ਕਰਨ ਵਿਚ ਡਾਕਟਰ ਰਾਹੀ ਦਾ ਇਹ ਬਹੁਤ ਵੱਡਾ ਯੋਗਦਾਨ ਹੈ। ਇਹ ਨਾਟਕ ਹੁਣ ਕਿਸੇ ਵੀ ਤਰ੍ਹਾਂ ਕਿਸੇ ਵੀ ਪ੍ਰਕਾਰ ਦੇ ਮੰਚ ਉਤੇ ਖੇਡਿਆ ਜਾ ਸਕਦਾ ਹੈ। ਮੈਨੂੰ ਉਮੀਦ ਹੈ ਕਿ ਡਾਕਟਰ ਰਾਹੀ ਦੀ ਇਹ ਮਿਹਨਤ ਅਜਾਈਂ ਨਹੀਂ ਜਾਏਗੀ।

ਡਾ. ਗੁਰਬਚਨ ਸਿੰਘ ਰਾਹੀ, ਇਕ ਪੌੜ ਅਧਿਆਪਕ ਅਤੇ ਜਾਣੇ-ਪਛਾਣੇ ਵਿਦਵਾਨ ਹਨ। ਉਨ੍ਹਾਂ ਨੇ ਸਾਹਿਤ ਦੇ ਹਰੇਕ ਖੇਤਰ ਵਿਚ ਆਪਣਾ ਯੋਗਦਾਨ ਪਾਇਆ ਹੈ। ਉਹ ਕਵੀ ਹਨ, ਆਲੋਚਕ ਹਨ, ਸੰਪਾਦਕ ਹਨ, ਕੋਸ਼ਕਾਰ ਤੇ ਅਨੁਵਾਦਕ ਹਨ। ਗੱਲ ਕੀ, ਸਾਹਿਤ ਦੀਆਂ ਤਕਰੀਬਨ ਸਾਰੀਆਂ ਹੀ ਵਿਧਾਵਾਂ ਵਿੱਚ ਉਨ੍ਹਾਂ ਨੇ ਯੋਗਦਾਨ ਪਾਇਆ ਹੈ। ਭਾਸ਼ਾ ਅਤੇ ਸਾਹਿਤ ਦਾ ਅਧਿਆਪਨ ਉਨ੍ਹਾਂ ਲਈ ਇਕ ਪੂਰਨ ਪ੍ਰਤਿਬੱਧਤਾ ਹੈ। ਇਹ ਪ੍ਰਤਿਬੱਧਤਾ ਜਨੂਨ ਦੀ ਸੀਮਾ ਤੱਕ ਪਹੁੰਚ ਚੁੱਕੀ ਹੈ। 'ਬੇਗ਼ਮ ਜ਼ੈਨਾ' (ਇਤਿਹਾਸਕ ਨਾਟਕ) ਲਿਖ ਕੇ ਉਨ੍ਹਾਂ ਨੇ ਨਾਟਕ-ਸਾਹਿਤ ਵਿੱਚ ਵੀ ਆਪਣਾ ਇਕ ਪ੍ਰਤੱਖ ਯੋਗਦਾਨ ਪਾਇਆ ਹੈ।

ਮੈਂ ਡਾਕਟਰ ਰਾਹੀ ਨੂੰ ਇਸ ਯੋਗਦਾਨ ਲਈ ਵਧਾਈ ਦਿੰਦਾ ਹਾਂ ਤੇ ਇਸ ਨਾਟਕ ਦਾ ਸੁਆਗਤ ਕਰਦਾ ਹਾਂ। ਉਮੀਦ ਹੈ ਕਿ ਨਾਟਕ-ਪ੍ਰੇਮੀ ਵੀ ਉਨ੍ਹਾਂ ਦੀ ਇਸ ਰਚਨਾ ਨੂੰ 'ਖ਼ੈਰ ਮਕਦਮ' ਕਹਿਣਗੇ।

—ਸਤਿੰਦਰ ਸਿੰਘ ਨੰਦਾ (ਨਾਟਕਕਾਰ)
ਸਹਾਇਕ ਡਾਇਰੈਕਟਰ (ਰੀਟਾਇਰਡ)
ਭਾਸ਼ਾ ਵਿਭਾਗ, ਪੰਜਾਬ

194, ਤ੍ਰਿਪੜੀ ਟਾਊਨ
ਪਟਿਆਲਾ

ਨਾਟਕ, ਰੰਗਮੰਚ ਅਤੇ ਧਰਮ

ਨਾਟਕ ਅਤੇ ਰੰਗਮੰਚ ਦੋ ਅਨਿਖੜਵੇਂ ਸੰਕਲਪ ਹਨ ਤੇ ਧਰਮ ਇਨ੍ਹਾਂ ਦੇ ਵਿਕਾਸ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਨਾਟਕ, ਸਾਹਿਤ ਅਤੇ ਕਲਾ ਦਾ ਇਕ ਸਰਵ-ਸ਼੍ਰੇਸ਼ਠ ਅਤੇ ਉਤਕ੍ਰਿਸ਼ਟ ਸੰਗਮ ਹੈ। ਇਹ ਉਹ ਰਚਨਾ ਹੈ, ਜਿਸ ਵਿੱਚ ਬਹੁਤ ਸਾਰੀਆਂ ਕਲਾਵਾਂ, ਜਿਹਾ ਕਿ ਸਾਹਿਤ, ਸੰਗੀਤ, ਨ੍ਰਿਤ, ਚਿੱਤਰਕਾਰੀ, ਬੁੱਤਕਾਰੀ ਅਤੇ ਸ਼ਿਲਪ ਆਦਿ ਦਾ ਸਮਾਵੇਸ਼ ਹੁੰਦਾ ਹੈ। ਸਾਹਿਤ ਦੀਆਂ ਸਾਰੀਆਂ ਕਿਸਮਾਂ ਵਿੱਚੋਂ ਨਾਟਕ ਸਭ ਤੋਂ ਵੱਧ ਵਚਿੱਤਰ, ਸੂਖਮ ਅਤੇ ਸਭ ਤੋਂ ਵੱਧ ਆਕਰਸ਼ਿਤ ਕਰਨ ਵਾਲਾ ਹੈ। ਇਸ ਦਾ ਸਭ ਤੋਂ ਡੂੰਘਾ ਸਬੰਧ ਰੰਗਮੰਚ ਨਾਲ ਹੈ ਅਤੇ ਇਹ ਪੂਰਨ ਤੌਰ ਤੇ ਰੰਗਮੰਚ ਉੱਤੇ ਨਿਰਭਰ ਕਰਦਾ ਹੈ।[1] ਜਿਵੇਂ ਸਾਹਿਤ ਦੀ ਆਪਣੀ ਸੁਤੰਤਰ ਹੋਂਦ ਹੁੰਦੀ ਹੈ, ਉਸ ਤਰ੍ਹਾਂ ਰੰਗਮੰਚ ਦੀ ਆਪਣੀ ਕੋਈ ਸੁਤੰਤਰ ਹੋਂਦ ਨਹੀਂ। ਰੰਗਮੰਚ ਤਾਂ ਕੇਵਲ ਨਾਟਕ ਨੂੰ ਸਜੀਵ ਰੂਪ ਵਿਚ ਵਾਪਰਦਾ ਵਿਖਾਉਣ ਦਾ ਇਕ ਮਾਧਿਅਮ ਹੈ। ਨਾਟਕ ਲਿਖੇ ਹੀ ਰੰਗਮੰਚ ਉੱਤੇ ਖੇਡੇ ਜਾਣ ਲਈ ਹਨ। ਨਾਟਕ ਦੇ ਵਿਕਾਸ ਦੀ ਕਹਾਣੀ ਰੰਗਮੰਚ ਦੇ ਵਿਕਾਸ ਦੀ ਕਹਾਣੀ ਹੈ। ਜਿਸ ਨਾਟਕ ਦਾ ਰੰਗਮੰਚ ਨਾਲ ਸਬੰਧ ਨਹੀਂ, ਉਹ ਕਾਗਜ਼ਾਂ ਦਾ ਇਕ ਪੁਲੰਦਾ ਹੈ, ਹੋਰ ਕੁਝ ਨਹੀਂ।

ਇਸੇ ਸੰਬੰਧ ਵਿੱਚ ਮਾਰਜੋਰੀ ਬੋਲਟਨ ਦਾ ਇਹ ਮਤ ਹੈ ਕਿ ਨਾਟਕ ਕੇਵਲ ਪੜ੍ਹੇ ਜਾਣ ਵਾਲੇ ਸਾਹਿਤ ਨੂੰ ਨਹੀਂ ਕਹਿੰਦੇ। ਇਹ ਉਹ ਸਾਹਿਤ ਹੈ ਜੋ ਸਾਡੀਆਂ ਅੱਖਾਂ ਸਾਹਵੇਂ ਤੁਰਦਾ ਫਿਰਦਾ ਅਤੇ ਗੱਲਾਂ ਕਰਦਾ ਹੈ।[2] ਜੇ. ਬੀ. ਪ੍ਰੀਸਟਲੇ ਵੀ ਇਸ ਤੱਥ ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਹਿੰਦਾ ਹੈ ਕਿ ਨਾਟਕਕਾਰ ਲਿਖਦਾ ਹੀ ਰੰਗਮੰਚ ਲਈ ਹੈ। ਜਿਹੜਾ ਵਿਅਕਤੀ ਕੇਵਲ ਪੜ੍ਹੇ ਜਾਣ ਲਈ ਹੀ ਲਿਖਦਾ ਹੈ, ਉਹ ਨਾਟਕਕਾਰ ਨਹੀਂ ਹੋ ਸਕਦਾ।[3] ਨਾਟਕ ਨੂੰ ਸਾਹਿਤ ਦਾ ਭਾਗ ਸਮਝਣਾ ਠੀਕ ਨਹੀਂ, ਸਾਹਿਤ ਕੇਵਲ ਸ਼ਬਦਾਂ ਉੱਤੇ ਨਿਰਭਰ ਕਰਨ ਵਾਲੀ ਕਲਾ ਹੈ ਜਦ ਕਿ ਨਾਟਕ ਇਕ ਮਿਸ਼ਰਿਤ ਕਲਾ ਹੈ, ਜਿਸ ਵਿੱਚ ਸ਼ਬਦਾਂ, ਦ੍ਰਿਸ਼-ਪ੍ਰਭਾਵਾਂ, ਸੰਗੀਤ, ਅਦਾਕਾਰਾਂ ਦੇ ਹਾਵ-ਭਾਵ ਅਤੇ ਨਿਰਮਾਤਾ ਦੀ ਪ੍ਰਬੰਧਕੀ ਯੋਗਤਾ ਦਾ ਮਿਸ਼ਰਣ ਹੁੰਦਾ ਹੈ।[4] ਪੰਜਾਬੀ ਦੇ ਸੁਪ੍ਰਸਿੱਧ ਵਿਦਵਾਨ ਸੰਤ ਸਿੰਘ ਸੇਖੋਂ ਰੰਗਮੰਚ ਤੇ ਨਾਟਕ ਦੀ ਸਾਂਝ ਇਕ ਰੋਚਿਕ ਤੁਲਨਾ ਰਾਹੀਂ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਇਕ ਨਾਟਕ ਜੋ ਖੇਡਿਆ ਨਹੀਂ ਜਾਂਦਾ, ਉਸ ਯੁਵਤੀ ਵਾਕਰ ਹੈ, ਜਿਸ ਦਾ ਵਿਆਹ ਨਹੀਂ ਹੋਇਆ।[5]

ਨਾਟਕ ਅਤੇ ਰੰਗਮੰਚ ਦੇ ਸਬੰਧਾਂ ਬਾਰੇ ਸਭ ਤੋਂ ਚੰਗਾ ਤੇ ਨਿਗਰ ਪ੍ਰਮਾਣ ਸਾਨੂੰ ਭਰਤਮੁਨੀ ਦੇ ਨਾਟਯ-ਸ਼ਾਸਤਰ ਤੋਂ ਮਿਲਦਾ ਹੈ। ਉਸ ਨੇ ਆਪਣੇ ਇਸ ਗ੍ਰੰਥ ਵਿੱਚ ਜਿਥੇ ਨਾਟਕ ਦੀ ਕਹਾਣੀ, ਪਾਤਰ-ਉਸਾਰੀ ਅਤੇ ਹੋਰ ਦੂਸਰੀਆਂ ਸਬੰਧਿਤ ਲੋੜਾਂ ਬਾਰੇ ਸੂਚਿਤ

www.punjabilibrary.com

ਕੀਤਾ ਹੈ, ਉਥੇ ਰੰਗਮੰਚ ਦੀ ਮਹਾਨਤਾ ਵੀ ਪ੍ਰਗਟ ਕੀਤੀ ਹੈ। ਉਸ ਦੀ ਦ੍ਰਿਸ਼ਟੀ ਵਿੱਚ ਰੰਗਮੰਚ ਇਕ ਪੂਜਣਯੋਗ ਸਥਾਨ ਹੈ। ਰੰਗਮੰਚ ਲਈ ਥਾਂ ਦੀ ਚੋਣ ਤੇ ਵਿਉਂਤ ਸਬੰਧੀ ਉਸ ਨੇ ਜਿੰਨਾ ਵੇਰਵਾ ਦਿੱਤਾ ਹੈ, ਸ਼ਾਇਦ ਹੀ ਕਿਸੇ ਹੋਰ ਵਿਦਵਾਨ ਨੇ ਦਿੱਤਾ ਹੋਵੇ। ਉਸ ਨੇ ਤਿੰਨ ਪ੍ਰਕਾਰ ਦੇ ਰੰਗਮੰਚਾਂ-ਵਿਕ੍ਰਿਸ਼ਟ, ਚਤੁਰਸ੍ਰ ਅਤੇ ਤ੍ਰਯਸ੍ਰ ਦੀ ਸਿਫਾਰਸ਼ ਕੀਤੀ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਆਕਾਰ ਦੀ ਦ੍ਰਿਸ਼ਟੀ ਤੋਂ ਵੀ ਤਿੰਨ ਹਿੱਸਿਆਂ ਵਿੱਚ ਵੰਡਿਆ ਹੈ। ਉਹ ਬਹੁਤ ਵੱਡੇ ਆਕਾਰ ਦੇ ਖੇਡ-ਘਰਾਂ ਦੀ ਵੀ ਸਿਫਾਰਸ਼ ਨਹੀਂ ਕਰਦਾ ਕਿਉਂਕਿ ਵੱਡੇ ਆਕਾਰ ਦੇ ਖੇਡ-ਘਰਾਂ ਵਿਚ ਖੇਡ ਯੋਗ ਭਾਂਤ ਅਭਿਵਿਅਕਤ ਨਹੀਂ ਹੋ ਸਕੇਗੀ। ਬਹੁਤ ਵੱਡੇ ਖੇਡ-ਘਰ ਵਿੱਚ ਪਾਠ ਕੀਤਾ ਜਾਂ ਉਚਾਰੀ ਕੋਈ ਗੱਲ ਠੀਕ ਤਰ੍ਹਾਂ ਸੁਣ ਨਹੀਂ ਸਕੇਗੀ। ਵੱਖ-ਵੱਖ ਪਦ ਨਿਖੜਨਗੇ ਨਹੀਂ। ਜਦ ਖੇਡ-ਘਰ ਵਿਸ਼ਾਲ ਹੋਵੇ, ਚਿਹਰੇ ਦੇ ਪ੍ਰਭਾਵ ਜਿਸ ਉਪਰ ਭਾਵਾਂ ਤੇ ਰਸਾਂ ਦਾ ਅਭਿਨੇਤ ਨਿਰਭਰ ਹੈ, ਸਾਫ਼-ਸਾਫ਼ ਵਿਖਾਈ ਨਹੀਂ ਦੇਣਗੇ। ਇਸ ਲਈ ਉਚਿਤ ਹੈ ਕਿ ਖੇਡ-ਘਰ ਦਰਮਿਆਨੇ ਆਕਾਰ ਦੇ ਹੋਣ ਤਾਂ ਜੋ ਇਸ ਵਿਚਲੇ ਪਾਠ-ਭਾਗ ਤੇ ਗੀਤ ਵਧੇਰੇ ਸੌਖ ਨਾਲ ਸੁਣੇ ਜਾ ਸਕਣ।[6]

ਭਰਤ ਮੁਨੀ ਦੇ ਉਪਰੋਕਤ ਵਿਚਾਰ ਅੱਜ ਦੇ ਵਿਗਿਆਨਿਕ ਯੁਗ ਵਿਚ ਬਹੁਤੀ ਸਾਰਥਕਤਾ ਨਹੀਂ ਰਖਦੇ, ਕਿਉਂਕਿ ਅੱਜ ਲਾਊਡ-ਸਪੀਕਰਾਂ ਨਾਲ ਅਭਿਨੇਤਾਵਾਂ ਦੀਆਂ ਆਵਾਜ਼ਾਂ ਦੂਰ ਤਕ ਪਹੁੰਚਾਈਆਂ ਜਾ ਸਕਦੀਆਂ ਹਨ, ਪਰੰਤੂ ਜਿਥੋਂ ਤਕ ਚਿਹਰੇ ਦੇ ਹਾਵ-ਭਾਵ ਵੇਖਣ ਦਾ ਸਬੰਧ ਹੈ, ਉਥੇ ਦੂਰ ਬੈਠੇ ਦਰਸ਼ਕ ਨੂੰ ਸਾਫ਼ ਵਿਖਾਈ ਨਹੀਂ ਦੇਵੇਗਾ। ਉਸ ਨੇ ਰੰਗਮੰਚ ਤੇ ਨਾਟਕ ਦੇ ਅਟੁੱਟ ਸਬੰਧਾਂ ਬਾਰੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਨਾਟਕ ਇਕ ਸ਼੍ਰਵਣੀ ਕਲਾ ਨਹੀਂ ਸਗੋਂ ਦਰਸ਼ਨੀ ਕਲਾ ਹੈ। ਇਨਸਾਈਕਲੋਪੀਡੀਆ ਬ੍ਰੀਟੈਨਿਕਾ ਵਿੱਚ ਵੀ ਰੰਗਮੰਚ ਤੇ ਨਾਟਕ ਦੇ ਸਬੰਧਾਂ ਨੂੰ ਇਨ੍ਹਾਂ ਸ਼ਬਦਾਂ ਵਿੱਚ ਪ੍ਰਗਟ ਕੀਤਾ ਹੈ—ਨਾਟਕ ਕਾਰਜ ਅਤੇ ਦ੍ਰਿਸ਼ ਨਾਲ ਆਰੰਭ ਹੁੰਦਾ ਹੈ ਅਤੇ ਇਸ ਵਿੱਚ ਕਾਰਜ, ਸਬਦਾਂ ਤੋਂ ਪਹਿਲਾਂ ਆਉਂਦਾ ਹੈ, ਨ੍ਰਿਤ ਵਾਰਤਾਲਾਪ ਤੋਂ ਪਹਿਲਾਂ ਅਤੇ ਮਨ ਦੀ ਖੇਡ ਨਾਲੋਂ ਸਰੀਰ ਦੀ ਖੇਡ ਪਹਿਲਾਂ ਆਉਂਦੀ ਹੈ।[7]

ਨਾਟਕ ਅਤੇ ਰੰਗਮੰਚ ਦੇ ਪਰਸਪਰ ਸਬੰਧਾਂ ਉੱਤੇ ਵਿਚਾਰ ਕਰਦਿਆਂ ਹੋਇਆਂ ਗਰੈਨਵਿਲੇ-ਬਾਰਕਰ (Granville-Barker) ਨੇ ਨਾਟਕ ਨੂੰ ਪ੍ਰਮੁੱਖ ਰੂਪ ਵਿਚ ਕੇਵਲ ਅਭਿਨੈ ਹੀ ਸਵੀਕਾਰ ਕੀਤਾ ਹੈ। ਦੂਜੇ ਪਾਸੇ ਵਿਲੀਅਮ ਅਰਚਰ (William Archer) ਅਨੁਸਾਰ ਨਾਟਕ ਦਾ ਮੰਚਿਤ ਕੀਤਾ ਜਾਣਾ ਜ਼ਰੂਰੀ ਨਹੀਂ, ਭਾਵੇਂ ਕਿ ਮੰਚਣ ਨਾਟਕ ਦੇ ਮਹੱਤਵ ਨੂੰ ਜ਼ਰੂਰ ਉਘਾੜਦਾ ਹੈ। ਰੇਮੰਡ ਵਿਲੀਅਮਜ਼ (Raymond Willaims) ਨੇ ਉਪਰੋਕਤ ਵਿਚਾਰਾਂ ਦਾ ਸੁਮੇਲ ਸਥਾਪਿਤ ਕਰਦੇ ਹੋਏ ਰੰਗਮੰਚ ਅਤੇ ਸਾਹਿਤ ਦੋਹਾਂ ਨੂੰ ਨਾਟਕ ਦੇ ਅਨਿਖੜਵੇਂ ਅੰਗ ਮੰਨਿਆ ਹੈ ਅਤੇ ਇਹ ਸਵੀਕਾਰ ਕੀਤਾ ਹੈ ਕਿ ਇਨ੍ਹਾਂ ਦੋਹਾਂ ਦੀ ਹੋਂਦ ਇਕ ਦੂਜੇ ਦਾ ਵਿਰੋਧ ਨਹੀਂ ਕਰਦੀ ਸਗੋਂ ਇਕ ਦੀ ਹੋਂਦ ਦੂਜੇ ਦੀ ਹੋਂਦ ਉੱਤੇ ਨਿਰਭਰ ਕਰਦੀ ਹੈ।[8] ਇਸ ਤਰ੍ਹਾਂ ਨਾਲ ਨਾਟਕ ਨੂੰ ਰੰਗਮੰਚ ਤੋਂ ਵੱਖਰਾ ਨਹੀਂ ਸਮਝਣਾ ਚਾਹੀਦਾ। ਨਾਟਕ ਦਾ ਜਨਮ ਹੀ ਰੰਗਮੰਚ ਉੱਤੇ ਹੋਇਆ ਹੈ ਅਤੇ ਇਹ ਰੰਗਮੰਚ ਉੱਤੇ ਹੀ ਪੂਰਨਤਾ ਪ੍ਰਾਪਤ ਕਰਦਾ ਹੈ। ਮਹਾਨ ਨਾਟਕਕਾਰਾਂ ਦੁਆਰਾ ਲਿਖੇ ਮਹਾਨ ਨਾਟਕ ਰੰਗਮੰਚ 'ਤੇ ਖੇਡਣ ਲਈ ਹੀ ਲਿਖੇ ਗਏ ਹਨ

ਨਾ ਕਿ ਕੇਵਲ ਪੜ੍ਹਨ ਲਈ।[9]

ਸੋ ਨਾਟਕ ਤੇ ਰੰਗਮੰਚ ਇਕ ਹਨ। ਇਨ੍ਹਾਂ ਦੋਹਾਂ ਦੀ ਹੋਂਦ ਇਕ ਦੂਜੇ ਉੱਤੇ ਨਿਰਭਰ ਕਰਦੀ ਹੈ। ਇਸ ਲਈ ਇਥੇ ਨਾਟਕ ਦੇ ਅਧਿਐਨ ਤੋਂ ਸਾਡਾ ਭਾਵ ਨਾਟਕ ਅਤੇ ਰੰਗਮੰਚ ਦਾ ਅਧਿਐਨ ਹੀ ਹੈ।

ਨਾਟਕ ਦੇ ਉਦਭਵ ਅਤੇ ਪਰੰਪਰਾ ਵਿੱਚ ਧਰਮ ਦੀ ਇਕ ਸ਼੍ਰੇਸ਼ਠ ਅਤੇ ਸਾਰਥਕ ਭੂਮਿਕਾ ਰਹੀ ਹੈ। ਧਰਮ ਅਤੇ ਨਾਟਕ, ਪ੍ਰਗਟ ਰੂਪ ਵਿੱਚ ਭਾਵੇਂ ਦੋ ਵੱਖ-ਵੱਖ ਸਾਂਸਕ੍ਰਿਤਿਕ ਵਰਤਾਰੇ ਜਾਂ ਸੰਕਲਪ ਹਨ, ਪਰੰਤੂ ਇਨ੍ਹਾਂ ਦੋਹਾਂ ਵਿੱਚ ਬੜਾ ਡੂੰਘਾ ਸਬੰਧ ਹੈ। ਇਨ੍ਹਾਂ ਦਾ ਇਹ ਸਬੰਧ ਆਦਿ-ਕਾਲੀਨ ਹੈ। ਦੋਹਾਂ ਦਾ ਸਰੋਤ ਇਕੋ ਹੀ ਮਨੁੱਖੀ ਮਨੋ-ਭਾਵ ਜਾਂ ਜਜ਼ਬਾ ਹੈ। ਨਾਟਕ ਤੇ ਧਰਮ ਉਤਨੇ ਹੀ ਪੁਰਾਣੇ ਹਨ, ਜਿਤਨਾ ਮਨੁੱਖ ਅਤੇ ਮਨੁੱਖ ਦਾ ਇਤਿਹਾਸ। ਮਨੁੱਖ ਨੇ ਜਦੋਂ ਸ਼੍ਰਿਸ਼ਟੀ 'ਤੇ ਅੱਖ ਖੋਲ੍ਹੀ ਅਤੇ ਉਸ ਨੇ ਆਪਣੇ-ਆਲੇ-ਦੁਆਲੇ ਪੱਸਰੇ ਵਿਸ਼ਾਲ ਪ੍ਰਾਕਿਰਤਿਕ ਵਾਤਾਵਰਣ ਨੂੰ ਤੱਕ ਕੇ ਹੈਰਾਨੀ ਤੇ ਅਸਚਰਜਤਾ ਪ੍ਰਗਟ ਕੀਤੀ ਤਾਂ ਉਸ ਦੀ ਬੁੱਧੀ ਇਸ ਬ੍ਰਹਮੰਡ ਦੀ ਸੰਚਾਲਕ-ਸ਼ਕਤੀ ਦੀ ਖੋਜ ਵਿੱਚ ਰੁੱਝ ਗਈ। ਉਸ ਦਾ ਉਸ ਅਦ੍ਰਿਸ਼ਟ ਸ਼ਕਤੀ ਵਿੱਚ ਵਿਸ਼ਵਾਸ ਬੱਝਣ ਲੱਗਾ ਤੇ ਉਹ ਉਸ ਦੀ ਪੂਜਾ ਕਰਨ ਲੱਗ ਪਿਆ।

ਪ੍ਰਾਰੰਭਿਕ ਕਾਲ ਤੋਂ ਮਨੁੱਖ ਦੁਆਰਾ ਪ੍ਰਾਕਿਰਤਿਕ ਵਰਤਾਰੇ ਦੇ ਵਿਭਿੰਨ ਰੂਪਾਂ, ਰੰਗਾਂ ਅਤੇ ਨਜ਼ਾਰਿਆਂ ਬਾਰੇ ਅਸਚਰਜਤਾ ਪ੍ਰਗਟ ਕਰਨ ਦਾ ਅਮਲ ਮਨੁੱਖੀ ਇਤਿਹਾਸ ਦੇ ਮੁੱਢਲੇ ਪੜਾਵਾਂ ਤੋਂ ਹੀ ਆਰੰਭ ਹੋ ਜਾਂਦਾ ਹੈ। ਉਹ ਮੀਂਹ ਪੈਂਦਾ ਵੇਖ ਕੇ ਅਤੇ ਬੱਦਲਾਂ ਦੀ ਗਰਜ ਸੁਣ ਕੇ ਹੈਰਾਨ ਹੋਇਆ। ਉਸ ਨੇ ਛੋਟੇ ਛੋਟੇ ਬੀਜਾਂ ਤੋਂ ਵੱਡੇ ਵੱਡੇ ਪੌਦੇ ਅਤੇ ਦਰਖ਼ਤ ਬਣ ਜਾਂਦੇ ਵੇਖ ਕੇ ਹੈਰਾਨੀ ਪ੍ਰਗਟ ਕੀਤੀ। ਬੱਚੇ ਦੇ ਜਨਮ ਅਤੇ ਕਿਸੇ ਦੀ ਮੌਤ ਉਸ ਲਈ ਅਣ-ਬਿਆਨੇ ਰਹੱਸ ਬਣੇ ਰਹੇ। ਉਹ ਰਾਤ ਸਮੇਂ ਆਉਂਦੇ ਸੁਪਨਿਆਂ ਬਾਰੇ ਵੀ ਹੈਰਾਨ ਹੁੰਦਾ। ਉਹ ਇਨ੍ਹਾਂ ਸਭ ਗੱਲਾਂ ਪਿਛੇ ਕਿਸੇ ਗੈਬੀ ਸ਼ਕਤੀ ਦੀ ਹੋਂਦ ਨੂੰ ਮਹਿਸੂਸ ਕਰਨ ਲੱਗਾ। ਕਿਸੇ ਅਣਡਿੱਠ ਸ਼ਕਤੀ ਬਾਰੇ ਇਸ ਇਹਸਾਸ ਵਿੱਚ ਹੀ ਧਾਰਮਿਕ ਵਿਸ਼ਵਾਸ ਦਾ ਆਰੰਭ ਪਾਇਆ ਜਾਂਦਾ ਹੈ। ਇਹੋ ਭਾਵਨਾ ਹੀ ਧਰਮ ਦੇ ਪ੍ਰਾਚੀਨਤਮ ਰੂਪਾਂ ਦਾ ਆਧਾਰ ਬਣਦੀ ਹੈ।[10]

ਇਕ ਚੇਤੰਨ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਵਿਚ ਸ੍ਵੈ-ਪ੍ਰਗਟਾ ਅਤੇ ਅਨੁਭਵਸ਼ੀਲਤਾ ਦੀ ਭਾਵਨਾ ਦੂਜੇ ਸਾਰੇ ਪ੍ਰਾਣੀਆਂ ਨਾਲੋਂ ਜ਼ਿਆਦਾ ਹੈ। ਉਹ ਆਪਣੇ ਜਜ਼ਬਾਤ, ਆਪਣੇ ਵਿਚਾਰ, ਹਾਵ-ਭਾਵ, ਖ਼ੁਸ਼ੀ ਗ਼ਮੀ, ਦੁੱਖ-ਸੁੱਖ ਦੂਸਰੇ ਮਨੁੱਖਾਂ ਨਾਲ ਸਾਂਝਾ ਕਰਨਾ ਲੋਚਦਾ ਹੈ। ਆਰੰਭਿਕ ਮਨੁੱਖ ਦੇ ਆਲੇ-ਦੁਆਲੇ ਪ੍ਰਾਕਿਰਤਿਕ ਸ਼ਕਤੀਆਂ ਸਨ। ਇਨ੍ਹਾਂ ਸ਼ਕਤੀਆਂ ਵਿੱਚੋਂ ਕੁਝ ਸ਼ਕਤੀਆਂ ਘਾਤਕ ਸਨ ਤੇ ਕਈ ਸਹਾਇਕ। ਇਨ੍ਹਾਂ ਸ਼ਕਤੀਆਂ ਦੇ ਸੰਪਰਕ ਵਿੱਚ ਆ ਕੇ ਮਨੁੱਖ ਨੂੰ ਜਿਹੋ ਜਿਹਾ ਅਨੁਭਵ ਹੋਇਆ, ਉਹੋ ਜਿਹਾ ਹੀ ਦ੍ਰਿਸ਼ਟੀਕੋਣ ਉਸ ਨੇ ਇਨ੍ਹਾਂ ਬਾਰੇ ਬਣਾ ਲਿਆ। ਜਿਸ ਸ਼ਕਤੀ ਤੋਂ ਉਹ ਡਰ ਗਿਆ, ਉਸ ਦੇ ਅੱਗੇ ਹੱਥ ਬੰਨ੍ਹ ਕੇ ਖਲੋ ਗਿਆ ਤੇ ਨੱਕ ਰਗੜਨ ਲੱਗਾ। ਜਿਸ ਸ਼ਕਤੀ ਤੋਂ ਉਸ ਨੂੰ ਸੁੱਖ ਅਤੇ ਆਨੰਦ ਪ੍ਰਾਪਤ ਹੋਇਆ ਜਾਂ ਜਿਸ ਸ਼ਕਤੀ ਨੇ ਕਿਸੇ ਨਾ ਕਿਸੇ ਭਾਂਤ ਮਨੁੱਖ ਦੀ ਭੁੱਖ ਤ੍ਰਿਪਤ ਕਰਨ ਦਾ ਯਤਨ ਕੀਤਾ, ਉਸ ਦੇ ਅੱਗੇ ਉਹ ਹੱਥ ਜੋੜ ਕੇ ਸ਼ਰਧਾ ਪ੍ਰਗਟਾਉਣ ਲੱਗਾ ਭਾਵ ਉਸ ਨੇ ਆਪਣੀ ਸ਼ਰਧਾ ਅਤੇ ਡਰ ਨੂੰ ਮੂਕ-ਅਭਿਨੈ ਰਾਹੀਂ ਪ੍ਰਗਟਾਉਣਾ ਅਰੰਭਿਆ। ਜਦ ਕਿਸੇ ਆਰੰਭਿਕ ਮਨੁੱਖ ਨੂੰ

ਡਰਾਉਣਾ ਜਾਨਵਰ ਮਿਲਿਆ ਤਾਂ ਉਸ ਨੇ ਆਪਣੇ ਸਾਥੀ ਨੂੰ ਸਰੀਰਕ ਕਰਮਾਂ ਰਾਹੀਂ ਸਮਝਾਉਣ ਦਾ ਯਤਨ ਕੀਤਾ ਕਿ ਉਹ ਉਸ ਪਾਸੇ ਵੱਲ ਨਾ ਜਾਵੇ। ਅਸੀਂ ਅੱਜ ਵੀ ਇਉਂ ਹੀ ਕਰਦੇ ਹਾਂ। ਜਦ ਅਸੀਂ ਆਪਣੇ ਭਾਵ ਗੱਲ-ਬਾਤ ਰਾਹੀਂ ਸਪੱਸ਼ਟ ਕਰਨੋਂ ਅਸਮਰਥ ਹੁੰਦੇ ਹਾਂ ਤਾਂ ਹੱਥਾਂ ਬਾਹਵਾਂ ਦੇ ਇਸ਼ਾਰਿਆਂ ਨਾਲ ਸਪੱਸ਼ਟ ਕਰਨ ਦਾ ਯਤਨ ਕਰਦੇ ਹਾਂ।[11]

ਡਰ ਅਤੇ ਸ਼ਰਧਾ ਨੇ ਧਰਮ ਦੇ ਜਨਮ ਅਤੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਨ੍ਹਾਂ ਭਾਵਾਂ ਦੇ ਪ੍ਰਗਟਾਉ ਨੇ ਅਤੇ ਪ੍ਰਗਟਾਉ ਸਮੇਂ ਸਰੀਰ ਦੇ ਵੱਖ-ਵੱਖ ਅੰਗਾਂ ਰਾਹੀਂ ਦਰਸਾਏ ਹਾਵ-ਭਾਵਾਂ ਅਤੇ ਸੰਕੇਤਾਂ ਨੇ ਨਾਟਕ ਦੀ ਆਧਾਰ-ਸ਼ਿਲਾ ਰੱਖੀ। ਸੋ ਨਾਟਕ ਅਤੇ ਧਰਮ ਨਾਲੋ ਨਾਲ ਵਿਕਸਿਤ ਹੋਏ। ਅਸਲ ਵਿੱਚ ਲੋਕ-ਨਾਟਕੀ ਪਰੰਪਰਾ ਦਾ ਮੂਲ ਆਰੰਭਿਕ ਆਧਾਰ ਡਰ ਤੇ ਜਾਨ ਬਚਾਉਣ ਦੀ ਚਾਹ ਹੈ। ਇਸ ਨੂੰ ਭਾਵੇਂ ਧਾਰਮਿਕ ਕਹਿ ਲਉ ਭਾਵੇਂ ਮਾਨਸਿਕ ਕਹਿ ਲਉ ਤੇ ਭਾਵੇਂ ਆਪਾ ਪ੍ਰਗਟ ਕਹਿ ਲਉ। ਅੱਗੇ ਜਾ ਕੇ ਇਹ ਪਰੰਪਰਾਵਾਂ ਹੌਲੀ ਹੌਲੀ ਵੱਖ ਹੁੰਦੀਆਂ ਗਈਆਂ ਹਨ। ਪਰ ਇਨ੍ਹਾਂ ਵਿੱਚ ਰਸਾਂ ਦਾ ਫੇਰ ਵੀ ਰਲਾ ਰਿਹਾ ਹੈ। ਧਾਰਮਿਕ ਪਰੰਪਰਾ ਵਿਚ ਲੋਕਾਂ ਨੂੰ ਪ੍ਰਚਾਉਣ ਦੀ ਸਮਰੱਥਾ ਹੈ ਤੇ ਦਿਲ-ਪ੍ਰਚਾਵੇ ਵਾਲੀ ਪਰੰਪਰਾ ਵਿੱਚ ਧਾਰਮਿਕ ਰੰਗਣ ਪ੍ਰਤੱਖ ਹੈ, ਕਿਉਂਕਿ ਭਾਰਤੀ ਮਨ ਧਾਰਮਿਕ ਤੇ ਰਹੱਸਵਾਦੀ ਹੈ।[12]

ਹੌਲੀ-ਹੌਲੀ ਮਨੁੱਖ ਨੇ ਪ੍ਰਾਕਿਰਤੀ ਦੀ ਹਰੇਕ ਵਸਤੂ ਨੂੰ ਦੇਵਤਾ ਮੰਨ ਲਿਆ ਅਤੇ ਉਸ ਦੀ ਪੂਜਾ ਆਰੰਭ ਕਰ ਦਿੱਤੀ। ਜੇ ਉਸ ਨੇ ਪਾਣੀ ਵੇਖਿਆ ਤਾਂ ਉਸ ਨੂੰ 'ਜਲ-ਦੇਵਤਾ' ਕਿਹਾ, ਜੇ ਅੱਗ ਵੇਖੀ ਤਾਂ ਉਸ ਨੂੰ 'ਅਗਨੀ ਦੇਵਤਾ' ਦੀ ਸੰਗਿਆ ਦਿੱਤੀ, ਜੇ ਸੱਪ ਵੇਖਿਆ ਤਾਂ 'ਸਰਪ ਦੇਵਤਾ' ਜਾਂ 'ਨਾਗ ਦੇਵਤਾ' ਕਹਿਣਾ ਸ਼ੁਰੂ ਕਰ ਦਿੱਤਾ ਤੇ ਉਸ ਦੀ ਪੂਜਾ ਆਰੰਭ ਦਿੱਤੀ। ਉਸ ਨੇ ਆਪਣੇ ਬਹੁਤ ਸਾਰੇ ਦੇਵਤਿਆਂ ਨੂੰ ਕਾਲਪਨਿਕ ਰੂਪ ਦੇ ਕੇ ਉਨ੍ਹਾਂ ਦੀਆਂ ਮੂਰਤੀਆਂ ਪੱਥਰਾਂ ਵਿੱਚੋਂ ਤ੍ਰਾਸ਼ੀਆਂ ਅਤੇ ਇਨ੍ਹਾਂ ਮੂਰਤੀਆਂ ਦੁਆਲੇ ਮੰਦਰ ਬਣਾਉਣੇ ਆਰੰਭ ਦਿੱਤੇ। ਜਦੋਂ ਕੋਈ ਮਹਾਨ ਆਗੂ ਜਾਂ ਨੇਕ ਵਿਅਕਤੀ ਮਰ ਜਾਂਦਾ, ਉਸ ਨੂੰ ਵੀ ਮਨੁੱਖ ਕਿਸੇ ਨਾ ਕਿਸੇ ਦੇਵਤੇ ਦਾ ਰੂਪ ਜਾਂ ਅਵਤਾਰ ਮੰਨ ਕੇ ਪੂਜਣ ਲੱਗ ਪਿਆ। ਦੇਵਤਾ ਅਤੇ ਇਸ਼ਟ-ਦੇਵ ਨੂੰ ਰੀਝਾਉਣ ਲਈ ਜਾਂ ਉਸ ਦੀ ਅਸ਼ੀਰਵਾਦ ਪ੍ਰਾਪਤ ਕਰਨ ਲਈ ਉਸ ਨੇ ਨਾਚ ਦਾ ਵੀ ਸਹਾਰਾ ਲਿਆ। ਉਸ ਦੀ ਨਾਚ ਬਿਰਤੀ ਵਿਚ ਪ੍ਰਾਕਿਰਤਿਕ ਵਾਤਾਵਰਣ ਨੇ ਸਹਾਇਤਾ ਕੀਤੀ। ਉਸ ਨੂੰ ਸਾਰੀ ਪ੍ਰਕਿਰਤੀ ਇਕ ਤਾਲ ਵਿੱਚ ਬੱਧੀ ਨਜ਼ਰ ਆਈ। ਉਸ ਨੂੰ ਸਾਰੇ ਦਰਖ਼ਤ, ਪੌਦੇ, ਟਾਹਣੀਆਂ, ਪੱਤੇ ਇਕ ਤਾਲ ਜਾਂ ਸੁਰ ਵਿੱਚ ਨੱਚਦੇ ਪ੍ਰਤੀਤ ਹੋਏ। ਸੋ ਆਰੰਭਿਕ ਮਨੁੱਖ ਖੁਸ਼ੀ ਸਮੇਂ ਮਸਤੀ ਵਿਚ ਆ ਕੇ ਨੱਚਦਾ ਵੀ ਸੀ। ਉਸ ਦਾ ਇਹ ਆਰੰਭਿਕ ਨਾਚ ਮੂਕ-ਅਭਿਨੈ ਤੁਲ ਹੀ ਸੀ। ਹੌਲੀ-ਹੌਲੀ ਉਸ ਨੇ ਨਾਚ ਦੇ ਨਾਲ ਨਾਲ ਸ਼ਬਦਾਂ ਦੀ ਸਹਾਇਤਾ ਲੈ ਕੇ ਮੂੰਹੋਂ ਵੱਖ-ਵੱਖ ਭਾਵ ਪ੍ਰਗਟਾਉਂਦੀਆਂ ਆਵਾਜ਼ਾਂ ਵੀ ਕੱਢਣੀਆਂ ਆਰੰਭ ਦਿੱਤੀਆਂ। ਸੋ ਇਸ ਦੇਵ-ਪੂਜਾ ਦੇ ਪਿੱਛੇ ਹੀ ਦੁਨੀਆ ਵਿੱਚ ਰਾਗ, ਕਵਿਤਾ, ਨ੍ਰਿਤਕਾਰੀ ਤੇ ਨਾਟਕ ਦਾ ਆਰੰਭ ਛਿਪਿਆ ਪਿਆ ਹੈ। ਜਿਹੜੇ ਧਰਮਾਂ ਨੇ ਅਤੇ ਜਿਹੜੇ ਸਭਿਆਚਾਰਾਂ ਨੇ ਪੁਰਾਤਨ ਸਮੇਂ ਦੇਵ-ਪੂਜਾ ਨੂੰ ਉੱਚੀ ਥਾਂ ਦਿੱਤੀ, ਉਨ੍ਹਾਂ ਵਿਚ ਹੀ ਨ੍ਰਿਤਕਾਰੀ ਤੇ ਨਾਟਕ-ਕਲਾ ਪ੍ਰਫੁਲਿਤ ਹੋਈ। ਜਿਨ੍ਹਾਂ ਧਰਮਾਂ ਤੇ ਸਭਿਆਚਾਰਾਂ ਨੇ ਦੇਵ-ਪੂਜਾ ਨੂੰ ਉੱਕਾ ਹੀ ਤਿਲਾਂਜਲੀ ਦੇ ਦਿੱਤੀ,

ਉਨ੍ਹਾਂ ਵਿੱਚ ਨ੍ਰਿਤਕਾਰੀ ਅਤੇ ਨਾਟਕ-ਕਲਾ ਕੋਈ ਥਾ ਨਹੀਂ ਬਣਾ ਸਕੀ। ਸ਼ਾਇਦ ਇਸ ਪ੍ਰਤੀ ਇਹ ਕਹਿਣਾ ਠੀਕ ਹੀ ਹੋਵੇਗਾ ਕਿ ਕੋਈ ਯਹੂਦੀ ਮੁਸਲਮਾਨ ਜਾਂ ਸਿੱਖ ਵਧੀਆ ਨਾਟਕਕਾਰ ਨਹੀਂ ਬਣ ਸਕਦਾ, ਜਦ ਤਕ ਉਹ ਬਾਹਰਲੇ ਕਲਚਰ ਨੂੰ ਪੂਰੀ ਤਰ੍ਹਾਂ ਨਾ ਅਪਣਾਏ, ਪਰ ਹਿੰਦੂ ਕਲਚਰ ਤੋਂ ਨ੍ਰਿਤਕਾਰੀ ਤੇ ਨਾਟਕ-ਕਲਾ ਅੱਡ ਕਰਨੀ ਅਸੰਭਵ ਹੈ।[13] ਭਾਰਤ ਵਿੱਚੋਂ ਪ੍ਰਾਚੀਨ ਮੰਦਰਾਂ ਦੀਆਂ ਦੀਵਾਰਾਂ 'ਤੇ ਉੱਕਰੇ ਹੋਏ ਅਨੇਕ ਚਿੱਤਰ ਨਾਟਕੀ ਕਾਰਜ ਨੂੰ ਨ੍ਰਿਤ ਦੇ ਮਾਧਿਅਮ ਰਾਹੀਂ ਪ੍ਰਗਟ ਕਰਦੇ ਹਨ ਅਤੇ ਦੱਖਣੀ ਭਾਰਤ ਵਿੱਚ ਅਜੇ ਤਕ ਨ੍ਰਿਤ ਨਾਟਕ ਭਾਰਤੀ ਸਭਿਆਚਾਰ ਦਾ ਲੋਕ-ਪ੍ਰਿਯ ਅੰਗ ਅਤੇ ਧਾਰਮਿਕ ਵਿਸ਼ਵਾਸਾਂ ਦੇ ਪ੍ਰਚਾਰ ਤੇ ਪਸਾਰ ਦਾ ਸ਼ਕਤੀਸ਼ਾਲੀ ਮਾਧਿਅਮ ਮੰਨਿਆ ਗਿਆ ਹੈ।[14]

ਅੱਜ ਵੀ ਜਦੋਂ ਅਸੀਂ ਭਾਰਤ ਵਿੱਚ, ਵਿਸ਼ੇਸ਼ ਕਰਕੇ ਦੱਖਣੀ ਭਾਰਤ ਵਿੱਚ ਬਣੇ ਕਿਸੇ ਵੀ ਮੰਦਰ ਵੱਲ ਝਾਤੀ ਮਾਰਦੇ ਹਾਂ ਤਾਂ ਉਹ ਨ੍ਰਿਤ-ਕਲਾ ਅਤੇ ਨਾਟਕ-ਕਲਾ ਦਾ ਮੂੰਹ ਬੋਲਦਾ ਕੋਸ਼ ਪ੍ਰਤੀਤ ਹੁੰਦਾ ਹੈ। ਨਾਟਕ ਦਾ ਅਭਿਨੈ ਨਾਲ ਡੂੰਘਾ ਸਬੰਧ ਜੁੜ ਜਾਂਦਾ ਹੈ ਅਤੇ ਇਨ੍ਹਾਂ ਦੋਹਾਂ ਦੇ ਧਾਰਮਿਕ ਵਿਚਾਰਾਂ, ਧਾਰਮਿਕ ਗੀਤਾਂ ਜਾਂ ਧਰਮ ਨਾਲ ਡੂੰਘੇ ਸਬੰਧਾਂ ਦਾ ਗਿਆਨ ਹੁੰਦਾ ਹੈ। ਡਾ. ਸੁਰਜੀਤ ਸਿੰਘ ਸੇਠੀ ਵੀ ਅਜਿਹੇ ਵਿਚਾਰ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ ਕਿ ਉਸ ਸਮੇਂ ਦੇ ਧਾਰਮਿਕ ਆਗੂਆਂ ਨੇ ਮਨੁੱਖ ਦੇ ਮਨ ਵਿੱਚ ਇਹ ਗੱਲ ਪਾ ਦਿੱਤੀ ਸੀ ਕਿ ਜੇ ਉਸ ਦੇ ਘਰ ਕੋਈ ਬੰਦਾ ਬੀਮਾਰ ਹੈ, ਜੇ ਉਸ ਨੂੰ ਧਨ ਚਾਹੀਦਾ ਹੈ, ਜੇ ਉਸ ਨੂੰ ਧੁੱਪ, ਮੀਂਹ, ਮੁਕਤੀ, ਚੰਗੀ ਕਿਸਮਤ ਜਾਂ ਕੁਝ ਵੀ ਹੋਰ ਚਾਹੀਦਾ ਹੈ ਤਾਂ ਉਸ ਨੂੰ ਦੇਵਤਿਆਂ ਨੂੰ ਖੁਸ਼ ਕਰਨ ਲਈ ਧਾਰਮਿਕ ਅਸਥਾਨਾਂ ਤੇ ਨੱਚਣਾ ਚਾਹੀਦਾ ਹੈ।[15]

ਨਾਟਕ ਦਾ ਆਰੰਭ ਮੂਲ ਰੂਪ ਵਿੱਚ ਗੀਤ ਅਤੇ ਨਾਚ ਤੋਂ ਹੋਇਆ ਹੈ ਅਤੇ ਅੱਜ ਵੀ ਨਾਟਕ ਦਾ ਸਭ ਤੋਂ ਵੱਧ ਲੋਕ-ਪ੍ਰਿਯ ਰੂਪ ਗੀਤ ਤੇ ਨਾਚ ਦਾ ਸੰਜੋਗ ਹੀ ਹੈ।[16] ਪੰਜਾਬੀ ਦੇ ਸੁਪ੍ਰਸਿੱਧ ਨਾਟਕਕਾਰ ਡਾ. ਹਰਚਰਨ ਸਿੰਘ ਅਨੁਸਾਰ ਇਹ ਮੰਨੀ ਪ੍ਰਮੰਨੀ ਸਚਾਈ ਹੈ ਕਿ ਨ੍ਰਿਤ, ਨਾਟਕ ਅਤੇ ਧਰਮ ਨੂੰ ਜਨਮ ਦੇਣ ਵਾਲੀ ਕਲਾ ਹੈ। ਨਾਟਕ ਦੇ ਵਿਕਾਸ ਦੇ ਮੁੱਢਲੇ ਪੜਾਅ ਸ਼ਾਇਦ ਉਲੀਕਣੇ ਅੱਜ ਮੁਸ਼ਕਿਲ ਹੋਣ, ਪਰ ਇਕ ਗੱਲ ਬਹੁਤ ਹੱਦ ਤਕ ਨਿਸ਼ਚਿਤ ਹੈ ਕਿ ਨਾਟਕ ਦਾ ਮੁੱਢ ਸਾਡੇ ਪਿਤਾ-ਪਿਤਾਮਿਆਂ ਦੇ ਨਾਚਾਂ ਨਾਲ ਪੂਰੀ ਤਰ੍ਹਾਂ ਸਬੰਧਿਤ ਹੈ। ਨਾਚ ਹੀ ਭਾਵਾਂ ਦੇ ਵਿਕਾਸ ਦਾ ਸਭ ਤੋਂ ਮੁੱਢਲਾ ਸਾਧਨ ਸੀ।[17]

ਮਾਰਜੋਰੀ ਬੋਲਟਨ ਦੇ ਵਿਚਾਰ ਵਿੱਚ ਵੀ ਰਸਮੀ ਨਾਟਕ ਦਾ ਆਰੰਭ ਧਾਰਮਿਕ ਉਤਸਵਾਂ ਤੋਂ ਹੀ ਹੋਇਆ ਹੈ ਅਤੇ ਨਾਟਕ ਦਾ ਮੂਲ ਆਧਾਰ ਜਾਦੂ, ਧਰਮ ਅਤੇ ਰਹੁ-ਰੀਤਾਂ ਹਨ। ਜਿਥੋਂ ਤੱਕ ਅਸੀਂ ਜਾਣਦੇ ਹਾਂ, ਇਸ ਦਾ ਆਰੰਭ ਹਮੇਸ਼ਾ ਮਨੁੱਖ ਦੀਆਂ ਉਨ੍ਹਾਂ ਕੋਸ਼ਿਸ਼ਾਂ ਵਿੱਚੋਂ ਹੋਇਆ ਹੈ, ਜਿਨ੍ਹਾਂ ਨਾਲ ਉਸ ਨੇ ਜੀਵਨ ਦੇ ਪ੍ਰਤੱਖ ਰਹੱਸਾਂ ਨੂੰ ਬਿਆਨ ਕਰਨ, ਉਨ੍ਹਾਂ ਰਹੱਸਾਂ ਉਤੇ ਨਿਯੰਤਰਣ ਰੱਖਣ ਵਾਲੀਆਂ ਸ਼ਕਤੀਆਂ ਨੂੰ ਪ੍ਰਸੰਨ ਕਰਨ ਅਤੇ ਦੈਵੀ ਸ਼ਕਤੀ ਅੱਗੇ ਯਾਚਨਾ ਕਰ ਕੇ ਨੈਤਿਕਤਾ ਦੀ ਇਕ ਪੱਧਤੀ ਲਾਗੂ ਕਰਨ ਦਾ ਯਤਨ ਕੀਤਾ ਹੈ।[18] ਇਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ ਵੀ ਨਾਟਕ ਦਾ ਆਰੰਭ ਯੂਨਾਨ ਅਤੇ ਹੋਰ ਸਭ ਥਾਵਾਂ 'ਤੇ ਧਾਰਮਿਕ ਰੀਤਾਂ ਵਿੱਚੋਂ ਹੀ ਹੋਇਆ ਹੈ।[19] ਟੀ. ਐੱਸ. ਈਲੀਅਟ ਅਨੁਸਾਰ ਵੀ ਨਾਟਕ ਦਾ ਉਦਭਵ ਧਾਰਮਿਕ ਉਪਾਸਨਾ ਤੋਂ ਹੁੰਦਾ ਹੈ ਅਤੇ ਇਹ ਧਾਰਮਿਕ ਉਪਾਸਨਾ

www.punjabilibrary.com

ਤੋਂ ਕਦੇ ਵੀ ਦੂਰ ਨਹੀਂ ਜਾ ਸਕਦਾ।[20]

ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਡਾਕਟਰ ਹਰਚਰਨ ਸਿੰਘ ਨਾਟਕ ਅਤੇ ਧਰਮ ਦੇ ਸਬੰਧਾਂ ਬਾਰੇ ਚਰਚਾ ਕਰਦੇ ਹੋਏ ਲਿਖਦੇ ਹਨ ਕਿ ਸ਼ੁਰੂ ਵਿੱਚ ਨਾਟਕ ਧਰਮ ਦਾ ਅੰਗ ਹੀ ਸੀ। ਮੁੱਢਲੇ ਕਾਲ ਦੇ ਯੂਨਾਨੀ ਨਾਟਕ ਧਰਮ ਨਾਲ ਪੂਰੀ ਤਰ੍ਹਾਂ ਸਬੰਧਿਤ ਸਨ। ਸਦੀਆਂ ਤੋਂ ਬਾਅਦ ਹੀ ਉਨ੍ਹਾਂ ਨੂੰ ਮੰਦਰਾਂ ਤੋਂ ਬਾਹਰ ਨਿਕਲਣ ਤੇ ਲੌਕਿਕ ਰੂਪ ਧਾਰਨ ਕਰਨਾ ਪਿਆ। ਭਰਤਮੁਨੀ ਦੇ ਨਾਟਯ-ਸ਼ਾਸਤਰ ਅਨੁਸਾਰ ਮੁੱਢਲੇ ਭਾਰਤੀ ਨਾਟਕ ਧਾਰਮਿਕ ਮੇਲਿਆਂ 'ਤੇ ਖੇਡੇ ਜਾਂਦੇ ਸਨ। ਭਾਰਤੀ ਨਾਟਕ ਦਾ ਆਰੰਭ ਸ਼ਿਵ ਤੇ ਵਿਸ਼ਨੂੰ ਆਦਿ ਦੇਵਾਂ ਨਾਲ ਜੋੜਿਆ ਜਾਂਦਾ ਹੈ। ਪੁਰਾਣੇ ਸੰਸਕਾਰਾਂ ਅਧੀਨ ਅੱਜ ਵੀ ਭਾਰਤੀ ਨਾਟਕ ਖੇਡਣ ਸਮੇਂ ਪਰਦੇ ਪਿੱਛੇ ਨਟਰਾਜ (ਸ਼ਿਵ) ਦੀ ਪੂਜਾ ਕੀਤੀ ਜਾਂਦੀ ਹੈ।[21]

ਧਰਮ ਦਾ ਕਿਉਂਜੋ ਮਨੁੱਖੀ ਭਾਵਾਂ ਨਾਲ ਨੇੜੇ ਦਾ ਸਬੰਧ ਹੈ ਅਤੇ ਸਾਹਿਤ ਤੇ ਹੋਰ ਕਲਾਵਾਂ ਜੇ ਮਨੁੱਖ ਦੇ ਭਾਵਾਂ ਦੀ ਅਭਿਵਿਅਕਤੀ ਹਨ ਤਾਂ ਨਿਸ਼ਚੇ ਹੀ ਨਾਟਕ ਕਲਾ ਨੂੰ ਧਰਮ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਧਰਮ ਨੇ ਮਨੁੱਖੀ ਜੀਵਨ ਨੂੰ ਬੜੇ ਵਿਆਪਕ ਰੂਪ ਵਿੱਚ ਪ੍ਰਭਾਵਿਤ ਕੀਤਾ ਹੈ। ਚਿੱਤਰ ਕਲਾ, ਮੂਰਤੀ ਕਲਾ, ਇਮਾਰਤਸਾਜ਼ੀ ਅਤੇ ਸਾਹਿਤ ਸਭ ਧਾਰਮਿਕ ਭਾਵਨਾ ਜਾਂ ਧਰਮ ਤੋਂ ਪ੍ਰੇਰਿਤ ਹੁੰਦੇ ਹਨ ਅਤੇ ਉਸ ਨੂੰ ਪ੍ਰਭਾਵਿਤ ਕਰਦੇ ਹਨ। ਧਰਮ ਤੋਂ ਪ੍ਰੇਰਣਾ ਲੈ ਕੇ ਪੈਦਾ ਹੋਈ ਕਲਾ ਕਦੇ ਖ਼ਤਮ ਨਹੀਂ ਹੁੰਦੀ, ਉਹ ਸਦਾ ਸੁਰਜੀਤ ਰਹਿੰਦੀ ਹੈ।

ਨਾਟਕ ਕਲਾ ਦੇ ਇਤਿਹਾਸ ਵੱਲ ਝਾਤੀ ਮਾਰਨ 'ਤੇ ਪਤਾ ਲੱਗਦਾ ਹੈ ਕਿ ਸੰਸਾਰ ਦੇ ਸਾਰੇ ਹੀ ਦੇਸ਼ਾਂ ਵਿੱਚ ਇਸ ਕਲਾ ਦਾ ਆਰੰਭ ਧਰਮ ਤੋਂ ਹੋਇਆ ਹੈ ਜਾਂ ਇਸ ਦਾ ਧਰਮ ਨਾਲ ਨੇੜੇ ਦਾ ਸਬੰਧ ਰਿਹਾ ਹੈ। ਸਰ ਜੋਹਨ ਹੇਮਰਟਨ ਦੇ ਕਥਨ ਅਨੁਸਾਰ ਨਾਟਕ ਨਾ ਕੇਵਲ ਦੁਨੀਆ ਦੀ ਸਭ ਤੋਂ ਪ੍ਰਾਚੀਨ ਅਤੇ ਮਹਾਨਤਮ ਕਲਾ ਹੈ, ਸਗੋਂ ਇਹ ਉਹ ਕਲਾ ਹੈ ਜਿਸ ਦੀ ਉਤਪਤੀ ਧਾਰਮਿਕ ਪੂਜਾ ਤੋਂ ਹੋਈ ਹੈ।[22]

ਇਸ ਵੇਲੇ ਸੰਸਾਰ ਵਿੱਚ ਦੋ ਪ੍ਰਮੁੱਖ ਨਾਟ-ਪਰੰਪਰਾਵਾਂ ਹਨ-ਭਾਰਤੀ ਜਾਂ ਸੰਸਕ੍ਰਿਤ ਨਾਟ-ਪਰੰਪਰਾ ਅਤੇ ਯੂਨਾਨੀ ਨਾਟ-ਪਰੰਪਰਾ। ਭਾਰਤੀ ਨਾਟ-ਪਰੰਪਰਾ ਸਾਰੇ ਹੀ ਪੂਰਬੀ ਦੇਸ਼ਾਂ ਲਈ ਪ੍ਰੇਰਨਾ-ਸਰੋਤ ਬਣੀ ਹੋਈ ਹੈ ਤੇ ਯੂਨਾਨੀ ਨਾਟ-ਪਰੰਪਰਾ ਦਾ ਪ੍ਰਭਾਵ ਸਾਰੇ ਹੀ ਪੱਛਮੀ ਦੇਸ਼ਾਂ ਵਿੱਚ ਪਾਇਆ ਜਾਂਦਾ ਹੈ। ਅਜੇ ਤੱਕ ਪੂਰੀ ਤਰ੍ਹਾਂ ਇਹ ਵੀ ਨਿਰਣਾ ਨਹੀਂ ਹੋ ਸਕਿਆ ਕਿ ਇਨ੍ਹਾਂ ਦੋਹਾਂ ਪਰੰਪਰਾਵਾਂ ਵਿਚੋਂ ਕਿਹੜੀ ਪਹਿਲਾਂ ਹੋਂਦ ਵਿੱਚ ਆਈ। ਜੋ ਕੁਝ ਵੀ ਹੈ ਇਹ ਦੋਵੇਂ ਨਾਟ-ਪਰੰਪਰਾਵਾਂ ਧਰਮ ਨੂੰ ਹੀ ਨਾਟਕ ਦਾ ਆਧਾਰ, ਸਹਾਇਕ ਅਤੇ ਸਰੋਤ ਮੰਨਦੀਆਂ ਹਨ।

ਭਾਰਤੀ ਜਾਂ ਸੰਸਕ੍ਰਿਤ ਨਾਟ-ਪਰੰਪਰਾ:

ਭਾਰਤ ਨੂੰ ਇਸ ਗੱਲ ਦਾ ਮਾਨ ਹੈ ਕਿ ਉਹ ਨਾਟਕ-ਸਾਹਿਤ ਅਤੇ ਰੰਗਮੰਚ ਦੇ ਇਕ ਲੰਮੇ ਅਤੇ ਗੌਰਵਮਈ ਇਤਿਹਾਸ ਦਾ ਮਾਲਕ ਹੈ। ਯੂਨਾਨ ਨੂੰ ਛੱਡ ਕੇ ਸੰਸਾਰ ਦਾ ਸ਼ਾਇਦ ਹੋਰ ਕੋਈ ਵੀ ਦੇਸ਼ ਨਹੀਂ ਜੋ ਇਸ ਸਬੰਧ ਵਿੱਚ ਭਾਰਤ ਦਾ ਟਾਕਰਾ ਕਰ ਸਕੇ। ਭਾਰਤੀ ਨਾਟਕ ਦਾ ਭਾਵ ਸੰਸਕ੍ਰਿਤ ਨਾਟਕ ਹੀ ਲਿਆ ਜਾਂਦਾ ਹੈ। ਸੰਸਕ੍ਰਿਤ ਨਾਟਕ ਦੀ ਪਰੰਪਰਾ ਭਾਰਤੀ ਨਾਟਕ

ਪਰੰਪਰਾ ਹੈ। ਭਾਰਤੀ ਵਿਦਵਾਨਾਂ ਨੇ ਬਾਕੀ ਭਾਰਤੀ ਕਲਾਵਾਂ ਵਾਂਗ ਨਾਟਕ ਦੀ ਉਤਪਤੀ ਨੂੰ ਵੀ ਦੇਵਤਿਆਂ ਨਾਲ ਸਬੰਧਿਤ ਕੀਤਾ ਹੈ। ਭਾਰਤੀ ਨਾਟਕ ਨਾਲ ਸਬੰਧਿਤ ਪ੍ਰਾਚੀਨਤਮ ਗ੍ਰੰਥ ਭਰਤਮੁਨੀ ਰਚਿਤ ਨਾਟਯ-ਸ਼ਾਸਤਰ ਹੈ, ਜਿਸ ਵਿੱਚ ਧਰਮ ਅਤੇ ਨਾਟਕ ਦੇ ਆਪਸੀ ਡੂੰਘੇ ਸਬੰਧਾਂ ਨੂੰ ਬੜੇ ਅਸਿੱਧੇ ਅਤੇ ਰੋਚਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਆਪਣੇ ਇਸ ਗ੍ਰੰਥ ਵਿੱਚ ਉਸ ਨੇ ਲਿਖਿਆ ਹੈ ਕਿ ਨਾਟਕ ਦੀ ਰਚਨਾ ਕਰਨ ਸਮੇਂ ਬ੍ਰਹਮਾ ਨੇ ਰਿਗ ਵੇਦ ਵਿੱਚੋਂ ਸੰਵਾਦ, ਸਾਮ ਵੇਦ ਵਿੱਚੋਂ ਸੰਗੀਤ, ਨਾਚ ਤੇ ਗਾਣ ਦੀਆਂ ਸੁਰਾਂ ਤੇ ਸਾਜ਼ਾਂ ਦੀਆਂ ਧੁਨਾਂ ਲਈਆਂ ਅਤੇ ਇਸੇ ਤਰ੍ਹਾਂ ਯਜੁਰ ਵੇਦ ਵਿੱਚੋਂ ਅਭਿਨੈ ਕਰਨ, ਅਥਰਵ ਵੇਦ ਵਿੱਚੋਂ ਰਸਾਂ ਦੀਆਂ ਰੀਤਾਂ ਨੂੰ ਲਿਆ ਅਤੇ ਨਾਟਕ ਤਿਆਰ ਕੀਤਾ।[23] ਉਸ ਨੇ ਇਹ ਵੀ ਲਿਖਿਆ ਹੈ ਕਿ ਬ੍ਰਹਮਾ ਨੇ ਫਿਰ ਇੰਦਰ ਨੂੰ ਕਿਹਾ ਕਿ ਇਤਿਹਾਸ ਦੀ ਰਚਨਾ ਮੈਂ ਕੀਤੀ ਹੈ। ਤੂੰ ਇਸ ਨੂੰ ਦੇਵਤਿਆਂ ਕੋਲੋਂ ਖਿਡਵਾਉਣਾ ਹੈ। ਇੰਦਰ ਨੇ ਆਪਣੀ ਅਸਮਰਥਾ ਪ੍ਰਗਟ ਕੀਤੀ। ਫਿਰ ਬ੍ਰਹਮਾ ਨੇ ਇਹ ਕੰਮ ਭਰਤ ਨੂੰ ਸੌਂਪਿਆ। ਭਰਤ ਇਸ ਕੰਮ ਵਿੱਚ ਨਿਪੁੰਨ ਸੀ ਤੇ ਉਸ ਨੂੰ ਆਪਣੇ ਸੌ ਪੁੱਤਰਾਂ ਦਾ ਸਾਥ ਵੀ ਪ੍ਰਾਪਤ ਸੀ। ਜਦੋਂ ਭਰਤ ਇਸ ਨੂੰ ਖੇਡਣ ਲੱਗਾ ਤਾਂ ਉਸ ਨੂੰ ਕੁਝ ਰੋਲ ਅਦਾ ਕਰਨ ਲਈ ਇਸਤਰੀਆਂ ਦੀ ਲੋੜ ਪਈ। ਬ੍ਰਹਮਾ ਨੇ ਉਸ ਪਾਸ ਅਪਸਰਾਵਾਂ ਨੂੰ ਭੇਜ ਦਿੱਤਾ। ਨਾਰਦ ਅਤੇ ਹੋਰ ਦੇਵ ਸੰਗੀਤਕਾਰ ਉਸ ਦੀ ਸਹਾਇਤਾ ਲਈ ਆਏ। ਰੰਗਮੰਚ ਦੀ ਉਸਾਰੀ ਵਿਸ਼ਵਕਰਮਾ ਰਿਸ਼ੀ ਨੇ ਕੀਤੀ।[24]

ਇਸ ਤਰ੍ਹਾਂ ਨਾਲ ਭਾਰਤੀ ਨਾਟ-ਪਰੰਪਰਾ ਅਨੁਸਾਰ ਨਾਟਕ ਦਾ ਆਰੰਭ ਦੈਵੀ ਦੱਸਿਆ ਗਿਆ ਹੈ। ਭਰਤਮੁਨੀ ਦੀ ਰਾਇ ਤੋਂ ਅਸੀਂ ਅਨੁਮਾਨ ਲਾ ਸਕਦੇ ਹਾਂ ਕਿ ਉਸ ਸਮੇਂ ਦੇ ਪ੍ਰਧਾਨ ਵਿਚਾਰ ਅਨੁਸਾਰ ਨਾਟਕ ਦਾ ਜਨਮ ਧਾਰਮਿਕ ਸੋਮੇਂ ਤੋਂ ਹੋਇਆ ਹੈ।[25] ਉਸ ਦੇ ਇਸ ਗ੍ਰੰਥ ਤੋਂ ਜਿਸ ਵਿੱਚ ਉਸ ਨੇ ਨਾਟਕ ਕਲਾ ਅਤੇ ਰੰਗਮੰਚ ਦਾ ਸੂਖਮ ਤੋਂ ਸੂਖਮ ਵੇਰਵਾ ਦਿੱਤਾ ਹੈ, ਇਸ ਗੱਲ ਦਾ ਪ੍ਰਮਾਣ ਮਿਲ ਜਾਂਦਾ ਹੈ ਕਿ ਉਸ ਸਮੇਂ ਤਕ ਭਾਰਤੀ ਨਾਟਕ ਕਲਾ ਆਪਣੇ ਪੂਰੇ ਜੋਬਨ 'ਤੇ ਸੀ ਤੇ ਇਸ ਦੇ ਨਿਯਮ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕੇ ਸਨ।

ਪ੍ਰਾਚੀਨ ਕਾਲ ਤੋਂ ਹੀ ਰਿਸ਼ੀ ਮੁਨੀ ਦੇਵਤਿਆਂ ਨੂੰ ਗਊ ਮੇਧ, ਅਸ਼ਵ ਮੇਧ ਅਤੇ ਅਜਾ ਮੇਧ ਵਰਗੇ ਯਗ ਕਰ ਕੇ ਪ੍ਰਸੰਨ ਕਰਿਆ ਕਰਦੇ ਸਨ। ਉਹ ਆਪਣੀਆਂ ਇਸਤਰੀਆਂ ਸਮੇਤ ਨੱਚਦੇ ਅਤੇ ਭਜਨ ਗਾਉਂਦੇ ਸਨ। ਇਨ੍ਹਾਂ ਟੋਲੀਆਂ ਦੀਆਂ ਪੁਸ਼ਾਕਾਂ ਵਿੱਚ ਵੀ ਫ਼ਰਕ ਹੁੰਦਾ ਸੀ। ਰਿਗ ਵੇਦ ਦੇ ਸਮੇਂ ਹੀ ਅਜਿਹਾ ਰਿਵਾਜ ਆਮ ਸੀ। ਰਿਗਵੇਦ ਵਿੱਚ ਬਹੁਤ ਸਾਰੇ ਮੰਤਰ ਅਜਿਹੇ ਹਨ, ਜਿਨ੍ਹਾਂ ਵਿਚ ਨਾਚ ਅਤੇ ਸੰਗੀਤ ਆਦਿ ਦਾ ਜ਼ਿਕਰ ਆਉਂਦਾ ਹੈ। ਇਸ ਲਈ ਰਿਗਵੇਦ ਤੋਂ ਹੀ ਭਾਰਤੀ ਨਾਟਕ ਦਾ ਜਨਮ ਸਮਝਿਆ ਜਾਣਾ ਚਾਹੀਦਾ ਹੈ। ਪਹਿਲੇ ਨਾਟਕਾਂ ਵਿੱਚ ਧਰਮ ਦੀ ਪ੍ਰਧਾਨਤਾ ਕਾਫ਼ੀ ਹੱਦ ਤਕ ਸਥਾਪਿਤ ਰਹੀ ਪ੍ਰਤੀਤ ਹੁੰਦੀ ਹੈ। ਦੇਵਤਿਆਂ ਅਤੇ ਦੈਂਤਾਂ ਦੇ ਯੁੱਧ ਪਹਿਲੇ ਨਾਟਕਾਂ ਦਾ ਮੂਲ ਵਿਸ਼ਾ ਸਨ ਅਤੇ ਇਸ ਵਿੱਚ ਦੈਂਤਾਂ ਦੀ ਹਾਰ ਅਤੇ ਦੇਵਤਿਆਂ ਦੀ ਜਿੱਤ ਧਾਰਮਿਕ ਰੁਚੀ ਨੂੰ ਹੀ ਸਿੱਧ ਕਰਦੀ ਹੈ। ਆਮ ਮਨੁੱਖਾਂ ਦੇ ਮੁਕਾਬਲੇ ਵਿਚ ਦੇਵ-ਲੋਕ ਦੀ ਸਰੇਸ਼ਠਤਾ ਵੀ ਇਸੇ ਗੱਲ ਨੂੰ ਸਿੱਧ ਕਰਦੀ ਹੈ।[26]

ਸੰਸਕ੍ਰਿਤ ਨਾਟਕ ਦੇ ਮਹਾਨ ਵਿਦਵਾਨ ਏ. ਬੀ. ਕੀਥ ਨੇ ਵੀ ਸੰਸਕ੍ਰਿਤ ਨਾਟਕ ਦਾ ਆਰੰਭ ਧਰਮ ਤੋਂ ਹੀ ਮੰਨਿਆ ਹੈ। ਉਸ ਦਾ ਕਥਨ ਹੈ ਕਿ ਰਿਗ ਵੇਦ ਸਮੇਂ ਦੇ ਨਾਟਕੀ ਦ੍ਰਿਸ਼ਾਂ

ਨੂੰ ਜਿਨ੍ਹਾਂ ਵਿੱਚ ਪੁਜਾਰੀ ਦੇਵਤਿਆਂ ਅਤੇ ਸੰਤਾਂ ਦਾ ਅਭਿਨੈ ਧਰਤੀ ਉੱਤੇ ਸਵਰਗੀ ਘਟਨਾਵਾਂ ਪ੍ਰਗਟਾਉਣ ਲਈ ਕਰਦੇ ਸਨ, ਧਾਰਮਿਕ ਕਿਸਮ ਦੇ ਦ੍ਰਿਸ਼ ਕਹਿ ਲੈਣਾ ਕੋਈ ਘਾਤਕ ਭੁੱਲ ਨਹੀਂ ਹੋਵੇਗੀ।[27]

ਡਾ. ਰੋਸ਼ਨ ਲਾਲ ਅਹੂਜਾ ਵਰਗੇ ਕੁਝ ਵਿਦਵਾਨ ਸੰਸਕ੍ਰਿਤ ਨਾਟਕ ਦਾ ਆਰੰਭ ਧਰਮ ਤੋਂ ਨਹੀਂ ਮੰਨਦੇ ਹਨ, ਸਗੋਂ ਲੋਕ-ਰੁਚੀਆਂ ਤੋਂ ਮੰਨਦੇ ਹਨ, ਪਰੰਤੂ ਉਹ ਇਸ ਗੱਲ ਤੋਂ ਇਨਕਾਰੀ ਨਹੀਂ ਹਨ ਕਿ ਧਰਮ ਦਾ ਨਾਟਕ ਨਾਲ ਕੋਈ ਸਬੰਧ ਨਾ ਰਿਹਾ ਹੋਵੇ। ਉਨ੍ਹਾਂ ਅਨੁਸਾਰ ਧਰਮ ਨੇ ਸਗੋਂ ਲੋਕ ਨਾਟਕ ਦੀ ਨਕਲ ਕੀਤੀ ਹੈ। ਆਪਣੇ ਪ੍ਰਚਾਰ ਲਈ ਧਰਮ ਨੇ ਸਦਾ ਹੀ ਨਾਟਕੀ ਮਨੋਰੰਜਨ ਦਾ ਵਿਰੋਧ ਕੀਤਾ ਹੈ। ਪਰ ਜਦ ਕਿਸੇ ਅੱਧ ਪਚੱਧੇ ਯਥਾਰਥਵਾਦੀ ਨੇ ਵੇਖਿਆ ਕਿ ਇਸ ਤੋਂ ਬਿਨਾਂ ਆਦਮੀ ਨਹੀਂ ਰਹਿ ਸਕਦਾ ਤਾਂ ਇਸ ਨੂੰ ਆਪਣੇ ਪ੍ਰਚਾਰ ਦਾ ਸਾਧਨ ਬਣਾ ਲਿਆ, ਜਿਸ ਤਰ੍ਹਾਂ ਬੁੱਧ ਤੇ ਜੈਨ ਧਰਮਾਂ ਨੇ ਕੀਤਾ ਹੈ। ਵਿਦਵਾਨ ਸਾਹਿਤਕਾਰਾਂ ਨੇ ਲੋਕ-ਨਾਟ ਦੀ ਰੀਸ ਕੀਤੀ ਅਤੇ ਰਾਜਿਆਂ ਮਹਾਰਾਜਿਆਂ ਦੀ ਸਹਾਇਤਾ ਨਾਲ ਧਾਰਮਿਕ ਨਾਟਕਾਂ ਦੀ ਲਹਿਰ ਚਲਾਈ।[28]

ਪੂਰਬ ਦੇ ਦੂਸਰੇ ਦੇਸ਼ ਦੀਆਂ ਨਾਟ-ਪਰੰਪਰਾਵਾਂ:

ਪੂਰਬ ਦੇ ਬਾਕੀ ਦੇ ਦੇਸ਼ਾਂ ਦੀ ਨਾਟ-ਪਰੰਪਰਾ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਇਹ ਪਤਾ ਚਲਦਾ ਹੈ ਕਿ ਉਨ੍ਹਾਂ ਉੱਤੇ ਭਾਰਤੀ ਜਾਂ ਸੰਸਕ੍ਰਿਤ ਨਾਟ-ਪਰੰਪਰਾ ਦਾ ਡੂੰਘਾ ਪ੍ਰਭਾਵ ਰਿਹਾ ਹੈ। ਜ਼ਿਆਦਾ ਮਹੱਤਵ ਵਾਲੀ ਗੱਲ ਸ਼ਾਇਦ ਇਹ ਹੈ ਕਿ ਭਾਰਤ ਤੋਂ ਅਤੇ ਭਾਰਤੀ ਨਾਟ-ਰੂਪਾਂ ਤੋਂ ਇਕ ਐਸੇ ਸੌਂਦਰਯਾਤਮਕ ਆਧਾਰ ਦਾ ਉਦਭਵ ਹੋਇਆ, ਜਿਸ ਨੂੰ ਸਾਰੇ ਏਸ਼ੀਆਈ ਨ੍ਰਿਤ ਅਤੇ ਨਾਟਕ ਦਾ ਮੂਲ ਆਧਾਰ ਮੰਨਿਆ ਜਾ ਸਕਦਾ ਹੈ।[29]

ਇਥੋਂ ਤੱਕ ਕਿ ਚੀਨ ਅਤੇ ਜਾਪਾਨ ਵਰਗੇ ਦੇਸ਼ਾਂ ਵਿੱਚ ਵੀ ਜਿਥੇ ਚੀਨੀ ਗੀਤ-ਨਾਟ ਜਾਂ ਜਾਪਾਨੀ ਰੰਗਮੰਚ ਆਪਣੇ ਸੁਤੰਤਰ ਰੂਪ ਵਿਚ ਵਿਕਸਤ ਹੋਏ ਹਨ, ਮੂਲ ਸਿਧਾਂਤ ਉਹ ਹੀ ਰਹੇ ਹਨ ਅਤੇ ਇਨ੍ਹਾਂ ਵਿਚਲੀ ਸਾਂਝ ਹੋਰ ਵੀ ਪੀਡੀ ਹੋ ਜਾਂਦੀ ਹੈ। ਭਾਰਤ ਨੇ ਏਸ਼ੀਆ ਦੇ ਬਾਕੀ ਸਾਰੇ ਹੀ ਦੇਸ਼ਾਂ ਉੱਤੇ ਆਪਣਾ ਸਭਿਆਚਾਰਕ ਅਤੇ ਧਾਰਮਿਕ ਪ੍ਰਭਾਵ ਪਾਇਆ ਹੈ। ਜਾਪਾਨ ਨਾਟਕ ਜੋ ਭਾਰਤੀ ਲੀਹਾਂ ਤੋਂ ਵੱਖਰਾ ਹੋ ਕੇ ਵਿਕਸਿਤ ਹੋਇਆ ਹੈ, ਉਤੇ ਵੀ ਭਾਰਤੀ ਬੁੱਧ ਮਤ ਅਤੇ ਹਿੰਦੂ ਸੌਂਦਰਯ ਸਿਧਾਂਤ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਬੁਗਾਕੂ ਵਰਗੇ ਨ੍ਰਿਤ ਜੋ ਕਿ ਭਾਰਤੀ ਵਿੱਚੋਂ ਹੀ ਗਏ ਹਨ ਅਤੇ ਜਿਨ੍ਹਾਂ ਵਿੱਚ ਮਖੌਟੇ ਪਹਿਣ ਕੇ ਅਭਿਨੈ ਕੀਤਾ ਜਾਂਦਾ ਹੈ, ਅਜੇ ਵੀ ਜਾਪਾਨ ਵਿੱਚ ਖੇਡੇ ਜਾਂਦੇ ਹਨ, ਭਾਵੇਂ ਕਿ ਉਹ ਭਾਰਤ ਵਿੱਚ ਬਿਲਕੁਲ ਭੁਲਾਏ ਜਾ ਚੁੱਕੇ ਹਨ।[30]

ਜਾਪਾਨੀ ਨਾਟਕ ਦਾ ਆਰੰਭ ਵੀ ਧਾਰਮਿਕ ਰਹੁ-ਗੀਤਾਂ ਵਿਚੋਂ ਹੋਇਆ ਹੈ। ਇਸ ਦਾ ਪ੍ਰਮੁੱਖ ਨਾਟ-ਰੂਪ ਨੋ (No) ਹੈ। ਭਾਵੇਂ ਇਸ ਤੋਂ ਬਾਦ ਕਾਬੂਕੀ (Kabuki) ਅਤੇ ਜੋਰੂਰੀ (Joruri) ਵਰਗੇ ਹੋਰ ਵੀ ਦੋ ਲੋਕ-ਪ੍ਰਿਯ ਨਾਟ-ਰੂਪ ਹੋਂਦ ਵਿਚ ਆਏ ਹਨ, ਪਰੰਤੂ ਉਨ੍ਹਾਂ ਦਾ ਆਰੰਭਿਕ ਰੂਪ 'ਨੋ' ਧਰਮ ਨਾਲ ਹੀ ਸਬੰਧ ਰੱਖਦਾ ਹੈ। 'ਨੋ' ਦਾ ਆਰੰਭ ਜਾਪਾਨੀ ਧਰਮ

ਅਸਥਾਨਾਂ ਵਿਖੇ ਕੀਤੇ ਜਾਂਦੇ ਕੁਝ ਤਾਂ ਧਾਰਮਿਕ ਨਾਚਾਂ ਤੋਂ ਪੈਦਾ ਹੋਇਆ ਤੇ ਕੁਝ ਚੀਨ ਤੋਂ ਆਏ ਮਨੋਰੰਜਨ ਮਾਧਿਅਮਾਂ ਤੋਂ ਪੈਦਾ ਹੋਇਆ ਹੈ।[31] ਨਾਟਕ-ਰੂਪ 'ਨੋ' ਦਾ ਵਿਸ਼ਾ-ਵਸਤੂ ਜਿਵੇਂ ਕਿ ਸਾਰਾ ਪੱਛਮ ਜਾਣਦਾ ਹੈ, ਅਤਿ-ਉਤਮ ਕਿਸਮ ਦਾ ਹੈ। ਨਾਟਕ ਸਬੰਧੀ ਸ਼ਾਇਦ ਹੋਰ ਅਜਿਹਾ ਕੋਈ ਸਾਹਿਤ ਨਹੀਂ ਹੈ, ਜਿਹੜਾ ਇਤਨਾ ਜ਼ਿਆਦਾ ਵਿਸਤ੍ਰਿਤ ਹੋਵੇ ਅਤੇ ਇਸ ਦੇ ਨਾਲ ਹੀ ਹਰ ਪੱਖੋਂ ਇਤਨਾ ਜ਼ਿਆਦਾ ਸ਼ਾਨਦਾਰ ਹੋਵੇ।[32]

ਚੀਨ ਵਿੱਚ ਵੀ ਨਾਟਕ ਦਾ ਆਰੰਭ ਕਾਫ਼ੀ ਹੱਦ ਤਕ ਧਰਮ ਨਾਲ ਜਾਂ ਧਾਰਮਿਕ ਰਸਮਾਂ ਨਾਲ ਜੋੜਿਆ ਜਾ ਸਕਦਾ ਹੈ, ਭਾਵੇਂ ਕਿ ਧਰਮ ਦਾ ਤੱਤ ਇਤਨਾ ਤੀਬਰ ਨਹੀਂ ਹੈ, ਜਿਤਨਾ ਯੂਨਾਨੀ ਸਾਹਿਤ ਵਿੱਚ ਹੈ। ਚੀਨੀ ਨਾਟਕ ਵਿੱਚ ਭਾਵੇਂ ਜ਼ਿਆਦਾ ਰੁਚੀ ਪੌਰਾਣਿਕ ਕਥਾਵਾਂ ਦੀ ਥਾਂ ਵਾਸਤਵਿਕ ਘਟਨਾਵਾਂ ਵੱਲ, ਧਾਰਮਿਕ ਮਿਥਿਹਾਸ ਤੋਂ ਲਿਖਤੀ ਰਾਸ਼ਟਰੀ ਇਤਿਹਾਸ ਵੱਲ, ਵਿਸ਼ਵਾਸ ਤੋਂ ਸਦਾਚਾਰ ਵੱਲ, ਅਤੇ ਪਰਮਾਤਮਾ ਦੀ ਅਸਪੱਸ਼ਟ ਅਤੇ ਰਹੱਸਪੂਰਣ ਇੱਛਾ ਦੀ ਥਾਂ ਮਨੁੱਖੀ ਨਿਰਣੇ ਵੱਲ ਰਹੀ ਹੈ ਪਰ ਫੇਰ ਵੀ ਦੇਵਤੇ, ਰੂਹਾਂ ਅਤੇ ਪਰਾਸਰੀਰਕ ਘਟਨਾਵਾਂ ਚੀਨੀ ਗੀਤ-ਨਾਟ ਵਿੱਚ ਆ ਜਾਂਦੀਆਂ ਹਨ।[33] ਇਸ ਤੋਂ ਸਪੱਸ਼ਟ ਹੈ ਕਿ ਭਾਵੇਂ ਚੀਨੀ ਨਾਟਕ ਦਾ ਮੂਲ ਆਧਾਰ ਧਰਮ ਨਹੀਂ ਹੈ ਪਰ ਫੇਰ ਵੀ ਧਰਮ ਦਾ ਅੰਸ਼ ਇਸ ਦਾ ਇੱਕ ਮਹੱਤਵਪੂਰਣ ਆਧਾਰ ਰਿਹਾ ਹੈ।

ਲੰਕਾ ਦੇ ਨਿਵਾਸੀ ਨਾਟਕ ਨਾਲੋਂ ਨਾਚ ਵਿੱਚ ਜ਼ਿਆਦਾ ਦਿਲਚਸਪੀ ਰਖਦੇ ਹਨ। ਇਸ ਦਾ ਭਾਵ ਇਹ ਨਹੀਂ ਕਿ ਉਥੇ ਨਾਟਕ ਦੀ ਹੋਂਦ ਨਹੀਂ ਹੈ। ਉਥੇ ਨ੍ਰਿਤ ਦੇ ਨਾਲ ਨਾਲ ਨਾਟਕ ਵੀ ਪ੍ਰਫੁਲਿਤ ਹੋ ਰਿਹਾ ਹੈ। ਉਨ੍ਹਾਂ ਦੇ ਪ੍ਰਸਿੱਧ ਪ੍ਰੇਤ-ਨਾਚ (Devil Dance) ਵਿੱਚ ਵੀ ਧਾਰਮਿਕ ਰਸਮਾਂ, ਵਹਿਮ ਭਰਮ ਦਾ ਅੰਸ਼ ਆ ਜਾਂਦਾ ਹੈ। ਲੰਕਾ ਵਿੱਚ ਨਾਚ ਤੋਂ ਛੁੱਟ, ਲੋਕ-ਨਾਟ ਦੇ ਵੀ ਚਾਰ ਰੂਪ-ਕੋਲਾਮ, ਸੋਕਾਰੀ, ਨਾਦਾਗਮ ਅਤੇ ਪਾਸੂ ਹਨ।[34] ਇਨ੍ਹਾਂ ਵਿੱਚੋਂ ਕੋਲਾਮ ਬੜਾ ਪ੍ਰਸਿੱਧ ਹੈ। ਕੋਲਾਮ ਰੂਪ ਦੇ ਬਹੁਤ ਸਾਰੇ ਨਾਟਕਾਂ ਵਿੱਚ ਧਰਮ ਦਾ ਅੰਸ਼ ਆ ਜਾਂਦਾ ਹੈ। ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਲੰਕਾ ਵਿੱਚ ਭਾਵੇਂ ਨਾਟਕ ਨਾਲੋਂ ਨ੍ਰਿਤ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ, ਪਰੰਤੂ ਉਨ੍ਹਾਂ ਦੇ ਨਾਟਕਾਂ ਵਿੱਚੋਂ ਧਰਮ ਜਾਂ ਧਾਰਮਿਕ ਰਹੁ-ਰੀਤਾਂ ਨੂੰ ਖ਼ਾਰਜ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਉਨ੍ਹਾਂ ਦਾ ਪਾਸੂ ਨਾਟ-ਰੂਪ ਵੀ ਪੱਛਮ ਦੇ ਪੈਸ਼ਨ ਪਲੇਜ਼ (Passion Plays) ਦਾ ਹੀ ਦੂਜਾ ਰੂਪ ਹੈ। ਇਹ ਨਾਟਕ ਕੋਲੰਬੂ ਦੇ ਉਤਰੀ ਤੱਟ ਦੇ ਇਕ ਨਗਰ ਨੈਗੋਂਬੋ ਵਿਖੇ ਜਿਥੇ ਕਿ ਲੰਕਾ ਦੀਪ ਦੇ ਸਭ ਤੋਂ ਵੱਧ ਕੈਥੋਲਿਕ ਈਸਾਈ ਰਹਿੰਦੇ ਹਨ, ਈਸਟਰ ਦੇ ਦਿਨਾਂ ਵਿਚ ਖੇਡਿਆ ਜਾਂਦਾ ਹੈ। ਈਸਾ, ਮੇਰੀ, ਜੋਸਫ਼ ਅਤੇ ਬਾਕੀ ਦੇ ਹੋਰ ਪਾਤਰਾਂ ਦੀ ਥਾਂ ਰੰਗਮੰਚ ਉਤੇ ਉਨ੍ਹਾਂ ਦੇ ਬੁੱਤ ਲਿਆਂਦੇ ਜਾਂਦੇ ਹਨ ਅਤੇ ਅਭਿਨੈ ਦੇ ਦੌਰਾਨ ਉਨ੍ਹਾਂ ਨੂੰ ਉਨ੍ਹਾਂ ਦੀਆਂ ਲੋੜੀਂਦੀਆਂ ਥਾਵਾਂ ਤੇ ਰਖ ਦਿੱਤਾ ਜਾਂਦਾ ਹੈ। ਨਾਟਕ ਦੀਆਂ ਘਟਨਾਵਾਂ ਕਈ ਵਾਰ ਕਥਾਵਾਚਕ ਜਾਂ ਸੂਤਰਧਾਰ ਬਿਆਨ ਕਰਦਾ ਹੈ ਤੇ ਕਈ ਵਾਰ ਭਜਨ-ਗਾਇਕ ਵਾਂਗ ਇਕ ਸੰਗੀਤ ਮੰਡਲੀ ਦੁਆਰਾ ਬਿਆਨ ਕੀਤੀਆਂ ਜਾਂਦੀਆਂ ਹਨ।[35]

ਤਿੱਬਤ ਵਿੱਚ ਵੀ ਪ੍ਰਾਚੀਨ ਨਾਟਕ ਦੀਆਂ ਨਿਸ਼ਾਨੀਆਂ ਮਿਲਦੀਆਂ ਹਨ, ਜੋ ਧਾਰਮਿਕ ਤੇ ਲੋਕ-ਪ੍ਰਿਯ ਸਨ ਅਤੇ ਜੋ ਬਸੰਤ ਤੇ ਪਤਝੜ ਵਿੱਚ ਖੇਡੇ ਜਾਂਦੇ ਸਨ। ਇਨ੍ਹਾਂ

ਵਿੱਚ ਚੰਗੀਆਂ ਰੂਹਾਂ ਅਤੇ ਦੁਸ਼ਟ ਰੂਹਾਂ ਦੇ ਆਪਸੀ ਘੋਲ ਹੁੰਦੇ ਸਨ, ਜੋ ਆਦਮੀ ਨੂੰ ਪਕੜਨ ਲਈ ਕੀਤੇ ਜਾਂਦੇ ਸਨ। ਇਸ ਘੋਲ ਵਿੱਚ ਦੁਸ਼ਟ ਰੂਹਾਂ ਇਕ ਆਦਮੀ ਨੂੰ ਲਾਲਚ ਦੇ ਕੇ ਬਹਿਕਾ ਲੈਂਦੀਆਂ ਸਨ। ਫੇਰ ਉਸ ਦੇ ਦੋਸਤ ਉਸ ਨੂੰ ਸਿੱਧੇ ਰਾਹ ਤੇ ਵਾਪਸ ਲੈ ਆਉਣ ਦਾ ਯਤਨ ਕਰਦੇ ਸਨ, ਜਿਨ੍ਹਾਂ 'ਤੇ ਦੁਸ਼ਟ ਰੂਹਾਂ ਹਮਲਾ ਕਰ ਦਿੰਦੀਆਂ ਸਨ। ਇਸ ਸੰਕਟ ਵਿੱਚ ਚੰਗੀਆਂ ਰੂਹਾਂ ਆ ਕੇ ਵਿੱਚ ਪੈ ਕੇ ਆਦਮੀਆਂ ਨੂੰ ਬਚਾ ਲੈਂਦੀਆਂ ਸਨ।[36]

ਬਰਮਾ ਦੀ ਨਾਟ-ਪਰੰਪਰਾ ਵਿੱਚ ਵੀ ਧਰਮ ਦਾ ਅੰਸ਼ ਪ੍ਰਤੱਖ ਰੂਪ ਵਿੱਚ ਮੌਜੂਦ ਹੈ। ਬਰਮਾ ਦਾ ਪ੍ਰਮੁੱਖ ਧਰਮ ਕਿਉਂਜੋ ਬੁੱਧ ਮਤ ਹੈ, ਇਸ ਲਈ ਉਨ੍ਹਾਂ ਦੇ ਨਾਟਕਾਂ ਵਿੱਚ ਬੁੱਧ ਧਰਮ ਨੂੰ ਬੜੀ ਸ਼ਰਧਾ ਨਾਲ ਬਿਆਨ ਕੀਤਾ ਜਾਂਦਾ ਹੈ। ਬਰਮਾ ਸ਼ਾਇਦ ਸੰਸਾਰ ਦਾ ਪਹਿਲਾ ਦੇਸ਼ ਹੈ, ਜਿਸ ਨੇ ਉਨ੍ਹੀਂਵੀਂ ਸਦੀ ਦੇ ਆਰੰਭ ਵਿੱਚ ਥੀਏਟਰ ਮੰਤਰਾਲਾ ਸਥਾਪਿਤ ਕੀਤਾ ਸੀ। ਇਸ ਮੰਤਰਾਲੇ ਦਾ ਉਦੇਸ਼ ਜਿਥੇ ਅਨਿਯਮਿਤ ਨਾਟ-ਸ਼ਾਲਾਵਾਂ ਉਤੇ ਨਿਯੰਤਰਣ ਕਰਨਾ ਅਤੇ ਬਰਮੀ ਰਾਜਿਆਂ ਮਹਾਰਾਜਿਆਂ ਦੇ ਦਰਬਾਰਾਂ ਨੂੰ ਪੂਰੀ ਮਰਯਾਦਾ ਨਾਲ ਦਰਸਾਉਣਾ ਸੀ, ਉਥੇ ਇਹ ਵੀ ਧਿਆਨ ਰੱਖਣਾ ਸੀ ਕਿ ਪੇਸ਼ ਕੀਤੇ ਜਾਣ ਵਾਲੇ ਨਾਟਕਾਂ ਵਿੱਚ ਬੁੱਧ ਧਰਮ ਦੀ ਪਵਿੱਤਰਤਾ ਦਾ ਧਿਆਨ ਰਖਿਆ ਜਾਵੇ।[37]

ਥਾਈਲੈਂਡ ਦੀ ਨਾਟ-ਪਰੰਪਰਾ ਉੱਤੇ ਵੀ ਧਰਮ ਦਾ ਪ੍ਰਭਾਵ ਪਾਇਆ ਜਾਂਦਾ ਹੈ। ਉਨ੍ਹਾਂ ਦੇ ਬਹੁਤੇ ਨਾਟਕਾਂ ਵਿੱਚ ਰਾਮਾਇਣ ਅਤੇ ਮਹਾਭਾਰਤ ਵਿਚੋਂ ਕਹਾਣੀਆਂ ਲਈਆਂ ਜਾਂਦੀਆਂ ਹਨ। ਲੀਕੇ (Likay) ਉਥੋਂ ਦਾ ਪ੍ਰਮੁੱਖ ਨਾਟ-ਰੂਪ ਹੈ। ਕੋਈ ਵੀ ਮੰਦਰ-ਉਤਸਵ ਜਾਂ ਰਾਸ਼ਟਰੀ ਛੁੱਟੀ ਸੰਪੂਰਨ ਨਹੀਂ ਸਮਝੀ ਜਾਂਦੀ ਜਿਸ ਵਿੱਚ ਇਸ ਨਾਟ-ਰੂਪ ਦੀ ਪ੍ਰਦਰਸ਼ਨੀ ਨਾ ਕੀਤੀ ਜਾਵੇ।

ਬਾਲੀ ਸੰਸਾਰ ਦਾ ਸ਼ਾਇਦ ਸਭ ਤੋਂ ਛੋਟਾ ਦੀਪ ਹੈ ਤੇ ਇਹ ਇੰਡੋਨੇਸ਼ੀਆ ਦਾ ਅੰਗ ਹੈ। ਧਰਮ ਦੀ ਦ੍ਰਿਸ਼ਟੀ ਤੋਂ ਇਹ ਟਾਪੂ ਹਿੰਦੂ ਸਲਤਨਤ ਦਾ ਹੀ ਇਕ ਭਾਗ ਜਾਪਦਾ ਹੈ। ਬਾਲੀ ਲੋਕ ਧਾਰਮਿਕ ਬਿਰਤੀ ਵਾਲੇ ਹਨ। ਸੋ ਕੁਦਰਤੀ ਹੈ ਕਿ ਉਨ੍ਹਾਂ ਦੇ ਨਾਚ ਅਤੇ ਨਾਟਕ ਉੱਤੇ ਧਰਮ ਦਾ ਪ੍ਰਭਾਵ ਹੋਵੇ। ਬਾਲੀ ਲੋਕਾਂ ਦੇ ਧਰਮ ਦਾ ਧੁਰਾ 'ਰੰਗਦਾ-ਬਰੋਂਗ' ਹੈ ਤੇ ਇਸ ਦਾ ਉਨ੍ਹਾਂ ਦੇ ਨਾਟਕਾਂ ਅਤੇ ਦੂਸਰੀਆਂ ਕਲਾਵਾਂ ਉੱਤੇ ਵੀ ਪ੍ਰਭਾਵ ਹੈ। ਬਹੁਤ ਸਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ 'ਰੰਗਦਾ' ਹਿੰਦੂ ਦੁਰਗਾ ਦੇਵੀ ਦਾ ਦੂਜਾ ਰੂਪ ਹੈ।[38]

ਫਿਲਪਾਈਨ ਦੀ ਨਾਟ-ਪਰੰਪਰਾ ਦਾ ਆਰੰਭ ਵੀ ਧਰਮ ਨਾਲ ਜੁੜਦਾ ਹੈ। ਅਜੇ ਤੱਕ ਉਸ ਦੇਸ਼ ਵਿਚ ਖੇਡੇ ਜਾਂਦੇ ਨਾਟਕਾਂ ਉੱਤੇ ਧਰਮ ਦਾ ਪ੍ਰਭਾਵ ਪ੍ਰਤੱਖ ਦਿਖਾਈ ਦੇਂਦਾ ਹੈ। ਈਸਟਰ ਦੇ ਦਿਨਾਂ ਵਿੱਚ ਸਾਰੇ ਹੀ ਦੀਪ-ਸਮੂਹ ਵਿੱਚ, ਪਿੰਡਾਂ ਅਤੇ ਸ਼ਹਿਰਾਂ ਵਿੱਚ ਪੈਸ਼ਨ ਪਲੇਜ਼ (Passion Plays) ਖੇਡੇ ਜਾਂਦੇ ਹਨ। ਇਹ ਵਾਰਸ਼ਿਕ ਘਟਨਾ ਫਿਲਪਾਈਨ ਵਾਸੀਆਂ ਲਈ ਬੜੀ ਮਹੱਤਵਪੂਰਣ ਹੈ। ਇਨ੍ਹਾਂ ਪੈਸ਼ਨ ਪਲੇਜ਼ ਦੇ ਖੇਡਣ ਸਮੇਂ ਕਾਫੀ ਰੌਣਕ ਹੁੰਦੀ ਹੈ। ਇਥੋਂ ਤੱਕ ਕਿ ਘਟ ਧਾਰਮਿਕ ਰੁਚੀ ਵਾਲੇ ਲੋਕ, ਜਿਹੜੇ ਕਿ ਮਨੋਰੰਜਨ ਪ੍ਰੇਮੀ ਹੁੰਦੇ ਹਨ, ਇਨ੍ਹਾਂ ਨਾਟਕਾਂ ਨੂੰ ਵੇਖਣ ਆਉਂਦੇ ਹਨ, ਕਿਉਂਕਿ ਇਸ ਪ੍ਰਵਿੱਤਰ ਸਪਤਾਹ ਦੇ ਦੌਰਾਨ ਸਾਰੇ ਸਿਨਮਾ ਘਰ ਅਤੇ ਮਨੋਰੰਜਨ ਦੇ ਹੋਰ ਸਭ ਸਥਾਨ ਬੰਦ ਕਰ ਦਿੱਤੇ ਜਾਂਦੇ ਹਨ। ਫਿਲਪਾਈਨ ਦੇ ਨਾਟਕਾਂ ਦਾ ਸਭ ਤੋਂ ਪ੍ਰਮੁੱਖ ਨਾਟ-ਰੂਪ ਮੋਰੋ-ਮੋਰੋ (Moro-Moro) ਹੈ। ਇਹ ਮੋਰੋ-ਮੋਰੋ,

www.punjabilibrary.com

ਇਨ੍ਹਾਂ ਦੇ ਵਰਤਮਾਨ ਧਾਰਮਿਕ ਰੂਪਾਂ ਵਿੱਚ, ਈਸਾਈ ਪ੍ਰਚਾਰਕਾਂ ਦੁਆਰਾ ਸਤਾਰ੍ਹਵੀਂ ਸਦੀ ਵਿੱਚ ਚਾਲੂ ਕੀਤੇ ਗਏ ਸਨ ਅਤੇ ਇਸ ਦੀਪ-ਸਮੂਹ ਨਾਲ ਪਹਿਲਾਂ ਹੀ ਸਬੰਧਿਤ ਨਾਟ-ਰੂਪਾਂ ਉਤੇ ਆਧਾਰਿਤ ਸਨ।[39]

ਦੱਖਣ ਪੱਛਮੀ ਏਸ਼ੀਆ ਦੇ ਇਕ ਹੋਰ ਮਹੱਤਵਪੂਰਣ ਦੇਸ਼ ਈਰਾਨ ਵਿੱਚ ਵੀ ਨਾਟਕ ਦਾ ਆਰੰਭ ਧਰਮ ਤੋਂ ਹੀ ਹੋਇਆ ਹੈ। ਈਰਾਨ ਇਕ ਮੁਸਲਮਾਨ ਦੇਸ਼ ਹੈ ਤੇ ਇਸਲਾਮ ਹਮੇਸ਼ਾ ਹੀ ਰੰਗ ਤਮਾਸ਼ੇ ਅਤੇ ਨਾਟਕ ਕਲਾ ਦਾ ਵਿਰੋਧੀ ਰਿਹਾ ਹੈ, ਪਰੰਤੂ ਈਰਾਨ ਇਕ ਐਸਾ ਦੇਸ਼ ਹੈ, ਜਿਸ ਨੇ ਇਸ ਦਿਸ਼ਾ ਵੱਲ ਸਭ ਬੰਧਨ ਤੋੜੇ ਹਨ ਅਤੇ ਆਪਣੀ ਨਾਟਕ-ਪਰੰਪਰਾ ਸਥਾਪਿਤ ਕੀਤੀ ਹੈ। ਪੁਸਤਕ ਨਾਟਕ-ਸਾਗਰ ਦੇ ਕਰਤਾ ਇਸ ਗੱਲ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਵਿੱਚ ਕਰਦੇ ਹਨ--ਇਥੇ ਵੀ ਨਾਟਕ ਦਾ ਬਾਲ ਵਰੇਸ ਧਰਮ ਦੀ ਛਤਰ-ਛਾਇਆ ਹੇਠ ਹੀ ਲੰਘਿਆ। ਮੁਹੱਰਮ ਦੇ ਦਸ ਦਿਨਾਂ ਵਿੱਚ ਕਰਬਲਾ ਦੇ ਸ਼ਹੀਦਾਂ ਦੀ ਮਾਤਮਾ ਸਭਾ ਲਗਦੀ ਹੈ, ਇਸ ਘਟਨਾ ਨੂੰ ਕੌਣ ਨਹੀਂ ਜਾਣਦਾ। ਸ਼ੀਆ ਲੋਕ ਇਨ੍ਹਾਂ ਰਸਮਾਂ ਦੇ ਪੂਰਾ ਕਰਨ ਨੂੰ ਪੁੰਨ ਦਾ ਮੁੱਖ ਕੰਮ ਸਮਝਦੇ ਹਨ। ਕਿਸੇ ਥਾਂ ਤੇ ਮਰਸੀਆ-ਖ੍ਵਾਨੀ (ਅਲਾਹੁਣੀਆਂ ਦੇਣਾ) ਹੁੰਦੀ ਹੈ। ਕਿਸੇ ਥਾਂ ਤੇ ਤਾਅਜ਼ੀਏ ਨਿਕਲਦੇ ਹਨ। ਕਿਸੇ ਥਾਂ ਖਾਣ-ਪੀਣ ਦੀਆਂ ਚੀਜ਼ਾਂ ਦਾ ਲੰਗਰ ਲਾ ਕੇ ਸੇਵਾ ਕੀਤੀ ਜਾ ਰਹੀ ਹੈ। ਇਨ੍ਹਾਂ ਦਿਨਾਂ ਵਿੱਚ ਈਰਾਨ ਦੇ ਰਿਵਾਜ ਅਨੁਸਾਰ "ਕਰਬਲਾ ਦੇ ਕਸ਼ਟ" ਦਾ ਚਿੱਤਰ ਨਾਟਕ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਤਾਅਜ਼ੀਏ ਕੱਢਣ ਦਾ ਰਿਵਾਜ ਸੋਲ੍ਹਵੀਂ ਸਦੀ ਤੋਂ ਚਲਿਆ, ਜਦੋਂ ਕਿ ਸਫ਼ਵੀਆ ਖਾਨਦਾਨ ਦਾ ਰਾਜ ਸੀ। ਉਨ੍ਹੀਵੀਂ ਸਦੀ ਤਕ ਤਾਂ ਕੇਵਲ ਮਰਸੀਆ ਖ੍ਵਾਨੀ ਹੀ ਕੀਤੀ ਜਾਂਦੀ ਸੀ। ਵਰਤਮਾਨ ਸਮੇਂ ਵਿੱਚ ਕੱਢੇ ਜਾਣ ਵਾਲੇ ਤਾਅਜ਼ੀਏ ਦਾ ਰਿਵਾਜ ਪਿਛੋਂ ਜਾ ਕੇ ਪਿਆ। ਇਹ ਕੰਮ, ਜਿਸ ਨੂੰ ਮਜਾਲਿਸਿ ਤਆਜ਼ਯ: ਤਾਅਜ਼ੇ ਦੀ ਬੈਠਕ ਕਹਿੰਦੇ ਹਨ, ਦਸ ਦਿਨ ਤਕ ਚਲਦਾ ਰਹਿੰਦਾ ਹੈ।[40] ਸੋ ਇਹ ਈਰਾਨ ਦਾ ਧਾਰਮਿਕ ਨਾਟਕ ਹੈ। ਇਹ ਵੰਨਗੀ ਯੂਰਪ ਵਿੱਚ ਮੋਰੈਲਿਟੀ ਅਤੇ ਮਿਰੇਕਲ ਨਾਟਕ ਵਿੱਚ ਅਤੇ ਭਾਰਤ ਵਿੱਚ 'ਯਾਤਰਾ' ਦੇ ਰੂਪ ਵਿੱਚ ਵੇਖਣ ਨੂੰ ਮਿਲਦੀ ਹੈ।

ਉਪਰੋਕਤ ਵਿਚਾਰ-ਵਟਾਂਦਰੇ ਤੋਂ ਪਤਾ ਲਗਦਾ ਹੈ ਕਿ ਭਾਰਤ ਸਮੇਤ ਏਸ਼ੀਆ ਦੇ ਸਭ ਪ੍ਰਮੁੱਖ ਦੇਸ਼ਾਂ ਵਿੱਚ ਨਾਟਕ ਦਾ ਸਬੰਧ ਧਰਮ ਨਾਲ ਡੂੰਘਾ ਜੁੜਿਆ ਹੋਇਆ ਹੈ, ਅਰਥਾਤ ਨਾਟਕ ਦਾ ਆਰੰਭ ਧਰਮ ਜਾਂ ਧਾਰਮਿਕ ਰਹੁ-ਰੀਤਾਂ ਜਾਂ ਧਾਰਮਿਕ ਭਾਵਨਾਵਾਂ ਤੋਂ ਹੋਇਆ ਹੈ। ਇਨ੍ਹਾਂ ਦੇਸ਼ਾਂ ਦੇ ਨਾਟਕਕਾਰਾਂ ਨੇ ਆਪਣੇ ਨਾਟਕਾਂ ਨੂੰ ਰੁਮਾਂਚਿਕ ਅਤੇ ਕਈ ਵਾਰ ਸੰਵੇਦਨਸ਼ੀਲ ਗੁਣਾਂ ਦੀ ਪੁੱਠ ਚਾੜ੍ਹਨ ਲਈ ਲੋਕ-ਪ੍ਰਿਯ ਪੌਰਾਣਿਕ ਕਹਾਣੀਆਂ ਨੂੰ ਵਰਤੋਂ ਵਿੱਚ ਲਿਆਂਦਾ ਪਰੰਤੂ ਉਨ੍ਹਾਂ ਨੇ ਆਪਣੇ ਧਾਰਮਿਕ ਨਾਟਕਾਂ ਦੇ ਨੈਤਿਕ ਸੁਰ ਨੂੰ ਕਾਇਮ ਰੱਖਿਆ।[41]

ਯੂਨਾਨੀ ਨਾਟ-ਪਰੰਪਰਾ:

ਭਾਰਤੀ ਜਾਂ ਸੰਸਕ੍ਰਿਤ ਨਾਟ-ਪਰੰਪਰਾ ਵਾਂਗ ਹੀ ਯੂਨਾਨੀ ਨਾਟ-ਪਰੰਪਰਾ ਸੰਸਾਰ ਦੀ ਦੂਸਰੀ ਪ੍ਰਮੁੱਖ ਨਾਟ-ਪਰੰਪਰਾ ਹੈ। ਜੇ ਭਾਹਤੀ ਨਾਟ-ਪਰੰਪਰਾ ਦਾ ਏਸ਼ੀਆ ਦੇ ਮਹੱਤਵਪੂਰਣ ਦੇਸ਼ਾਂ ਦੀਆਂ ਨਾਟ-ਪਰੰਪਰਾਵਾਂ ਉੱਤੇ ਪ੍ਰਭਾਵ ਪਿਆ ਹੈ ਤਾਂ ਯੂਨਾਨੀ ਨਾਟ-ਪਰੰਪਰਾ ਦਾ

ਪ੍ਰਭਾਵ ਵੀ ਯੂਰਪ ਦੇ ਸਾਰੇ ਹੀ ਦੇਸ਼ਾਂ ਦੀਆਂ ਨਾਟ-ਪਰੰਪਰਾਵਾਂ ਉਤੇ ਪਿਆ ਹੈ। ਇਸ ਨਾਟ-ਪਰੰਪਰਾ ਦਾ ਉਦਭਵ ਅਤੇ ਵਿਕਾਸ ਧਰਮ ਅਤੇ ਧਾਰਮਿਕ ਰਹੁ-ਰੀਤਾਂ ਵਿੱਚੋਂ ਹੋਇਆ ਹੈ। ਇਸ ਦਾ ਆਰੰਭ ਯੂਨਾਨੀਆਂ ਦੇ ਦੇਵਤਾ ਡਾਇਓਨੀਸਸ ਦੀ ਪੂਜਾ ਤੋਂ ਹੋਇਆ ਹੈ। ਡਾਇਓਨੀਸਸ ਜਾਂ ਬੈਕਸ (ਸ਼ਰਾਬ ਦੇਵਤਾ) ਸਮੇਂ ਦੀ ਪੂਜਾ-ਸਾਧਨਾ ਦਾ ਅਨਿਖੜ ਅੰਗ ਹੈ। ਇਹ ਦੇਵਤਾ ਪ੍ਰਕਿਰਤਕ ਵੈਭਵ ਅਤੇ ਸੌਂਦਰਯ ਦਾ ਪ੍ਰਤੀਕ ਵੀ ਹੈ ਅਤੇ ਇਸ ਦੀ ਕਿਰਪਾ ਨਾਲ ਜੀਵਨ-ਵਿਕਾਸ ਦਾ ਸਬੰਧ ਵੀ ਜੋੜਿਆ ਜਾਂਦਾ ਹੈ। ਇਸੇ ਮਾਨਤਾ ਕਾਰਨ ਪ੍ਰਾਚੀਨ ਯੂਨਾਨੀ ਲੋਕ ਡਾਇਓਨੀਸਸ ਦੀ ਸਮੂਹਿਕ ਪੂਜਾ ਕਰਦੇ ਹਨ। ਇਹ ਪੂਜਾ ਸਮਾਰੋਹ ਐਥਨਜ਼ ਅਤੇ ਐਟਿਕਾ ਵਿੱਚ ਮਨਾਏ ਜਾਂਦੇ ਹਨ।[42]

ਡਾਇਓਨੀਸਸ ਨੂੰ ਸ਼ਰਾਬ ਦਾ ਦੇਵਤਾ ਵੀ ਸਮਝ ਕੇ ਪੂਜਿਆ ਜਾਂਦਾ ਹੈ। ਇਸੇ ਕਰ ਕੇ ਇਸ ਉਤਸਵ ਸਮੇਂ ਸ਼ਰਾਬ ਦੇ ਦੌਰ ਚਲਦੇ, ਗੀਤ ਗਾਏ ਜਾਂਦੇ ਅਤੇ ਸੰਗੀਤ ਦੇ ਕਮਾਲ ਵੀ ਵਿਖਾਏ ਜਾਂਦੇ ਹਨ। ਇਹ ਗਾਉਣ ਵਜਾਉਣ ਦਾ ਕਾਰਜ ਕੋਈ ਇਕੱਲਾ ਵਿਅਕਤੀ ਨਹੀਂ ਕਰਦਾ, ਸਗੋਂ ਕਈ ਵਿਅਕਤੀ ਰਲ ਕੇ ਕਰਦੇ ਸਨ। ਇਹ ਇਕ ਪ੍ਰਕਾਰ ਦਾ ਸਮੂਹ-ਗਾਨ ਹੁੰਦਾ ਸੀ। ਜਨ-ਸਮੂਹ ਵਿੱਚੋਂ ਇਕ ਪ੍ਰਮੁੱਖ ਗਾਇਕ ਆਪਣੀ ਟੋਲੀ ਨਾਲ ਅੱਗੇ ਆਉਂਦਾ ਹੈ, ਸਾਰੀ ਟੋਲੀ ਦੇਵਤੇ ਦੀ ਪ੍ਰਸੰਸਾ ਵਿੱਚ ਗਾਉਂਦੀ ਤੇ ਨੱਚਦੀ ਹੈ। ਇਹੀ ਸਮੂਹ-ਗਾਨ 'ਕੋਰਸ' ਨਾਮ ਨਾਲ ਪ੍ਰਸਿੱਧ ਹੈ।[43] ਕੋਈ ਛੇਵੀਂ ਸਦੀ ਬੀ. ਸੀ. ਵਿੱਚ ਥੈਸਪਿਸ ਨਾਮ ਦੇ ਇਕ ਕਵੀ ਨੇ ਕੋਰਸ ਵਿੱਚ ਸੰਵਾਦ ਦਾ ਸਮਾਵੇਸ਼ ਕੀਤਾ ਅਤੇ ਪਰਿਨਾਮ ਸਰੂਪ ਕੋਰਸ ਅਭਿਨੈ ਦੀ ਵਸਤੂ ਬਣ ਗਿਆ ਅਤੇ ਇਸ ਤਰ੍ਹਾਂ ਨਾਲ ਉਹ ਯੂਨਾਨ ਦਾ ਸਭ ਤੋਂ ਪਹਿਲਾ ਸੱਚਾ ਅਦਾਕਾਰ ਬਣ ਗਿਆ।[44] ਹੌਲੀ ਹੌਲੀ ਦੇਵੀ-ਦੇਵਤਿਆਂ ਦੀ ਪ੍ਰਸੰਸਾ ਵਿਚ ਗਾਏ ਗਏ 'ਕੋਰਸ' ਨਾਟਕ ਦਾ ਰੂਪ ਧਾਰ ਗਏ। ਇੰਜ ਕੋਰਸ ਪ੍ਰਾਚੀਨ ਯੂਨਾਨੀ ਨਾਟਕ ਦਾ ਪੂਰਵਜ ਬਣ ਗਿਆ। ਕੁਝ ਚਿਰ ਪਿੱਛੋਂ ਦੇਵੀ ਦੇਵਤਿਆਂ ਦੀ ਪ੍ਰਸੰਸਾ ਵਿੱਚ ਗਾਏ ਗਏ 'ਕੋਰਸ' ਨਾਟਕ ਦਾ ਰੂਪ ਧਾਰ ਗਏ। ਇੰਜ ਕੋਰਸ ਪ੍ਰਾਚੀਨ ਯੂਨਾਨੀ ਨਾਟਕ ਦਾ ਪੂਰਵਜ ਬਣ ਗਿਆ। ਕੁਝ ਚਿਰ ਪਿਛੋਂ ਦੇਵੀ ਦੇਵਤਿਆਂ ਅਤੇ ਰਾਸ਼ਟਰ-ਵੀਰਾਂ ਦੀਆਂ ਕਥਾਵਾਂ ਸੰਵਾਦ-ਯੁਕਤ ਸਮੂਹ-ਗਾਨ ਦੇ ਰੂਪ ਵਿੱਚ ਪੇਸ਼ ਹੋਣ ਲੱਗੀਆਂ। ਬਾਦ ਵਿੱਚ ਇਨ੍ਹਾਂ ਵਿਚੋਂ ਹੀ ਤ੍ਰਾਸਦੀ ਅਤੇ ਕਾਮਦੀ ਸਾਹਿਤ-ਰੂਪ ਵਿਕਸਿਤ ਹੋਏ।[45]

ਐਲਰਡਿਸ ਨਿਕਲ ਅਤੇ ਡੈਰਿਕ ਬੋਸਕਿਲ ਦਾ ਮਤ ਹੈ ਕਿ ਯੂਨਾਨੀ ਨਾਟਕ ਆਪਣੇ ਆਪ ਹੋਂਦ ਵਿੱਚ ਨਹੀਂ ਆਇਆ। ਇਸ ਦੇ ਪਿੱਛੇ ਪ੍ਰਾਚੀਨ ਮਿਸਰ ਦਾ ਕਾਫੀ ਹੱਥ ਹੈ। ਇਨ੍ਹਾਂ ਵਿਦਵਾਨਾਂ ਅਨੁਸਾਰ ਮਿਸਰ ਵਿੱਚ ਈਸ ਤੋਂ ਕੋਈ ਦੋ ਤਿੰਨ ਹਜ਼ਾਰ ਸਾਲ ਪਹਿਲਾਂ ਐਬੀਡੋਸ ਪੈਸ਼ਨ ਪਲੇਜ਼ (Abydos Passion Plays) ਖੇਡੇ ਜਾਂਦੇ ਸਨ।[46] ਜਿਨ੍ਹਾਂ ਵਿੱਚ ਓਸੀਰਿਸ (Osiris) ਦੇਵਤੇ ਦੀ ਮਿਰਤੂ ਦਾ ਉਤਸਵ ਮਣਾਇਆ ਜਾਂਦਾ ਸੀ। ਇਸ ਉਤਸਵ ਵਿੱਚ ਉਸ ਦੇ ਹੱਥ, ਪੈਰ ਕੱਟੇ ਜਾਂਦੇ ਸਨ ਤੇ ਫਿਰ ਆਈਸਿਸ (Isis) ਜੋ ਉਸ ਦੀ ਭੈਣ ਵੀ ਸੀ ਤੇ ਪਤਨੀ ਵੀ ਸੀ, ਦੁਆਰਾ ਮੁੜ ਜੋੜੇ ਜਾਂਦੇ ਹਨ। ਇਸ ਘਟਨਾ ਦੇ ਪ੍ਰਦਰਸ਼ਨ ਵਿੱਚ ਨਾਟਕ ਤੱਤ ਹੈ ਅਤੇ ਇਸ ਦੇ ਨਾਲ ਹੀ ਬਹੁਤ ਸਾਰੇ ਜੀਊਂਦੇ ਗੁਲਾਮਾਂ ਦੀ ਬਲੀ ਦਿੱਤੀ ਜਾਂਦੀ ਸੀ। ਇਹ ਐਬੀਡੋਸ ਪੈਸ਼ਨ ਪਲੇਜ਼ ਭਾਵੇਂ ਸਾਧਾਰਣ ਨਾਟਕ ਨਾਲੋਂ ਭਿੰਨ ਹਨ, ਪਰੰਤੂ ਇਸ ਤੋਂ ਇਹ ਗੱਲ

ਜ਼ਰੂਰ ਸਪੱਸ਼ਟ ਹੁੰਦੀ ਹੈ ਕਿ ਮੁੱਢਲੇ ਨਾਟਕ ਦੀ ਪ੍ਰਦਰਸ਼ਨੀ ਵਿੱਚ ਧਾਰਮਿਕ ਰਹੁ-ਰੀਤਾਂ ਦਾ ਕਾਫ਼ੀ ਹੱਥ ਸੀ।[47]

ਉਪਰੋਕਤ ਵਿਚਾਰ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਮਿਸਰ ਅਤੇ ਯੂਨਾਨ ਦੇ ਇਨ੍ਹਾਂ ਦੇਵੀ ਦੇਵਤਿਆਂ ਦੀ ਉਪਾਸਨਾ ਸਮੇਂ ਕੀਤੇ ਜਾਂਦੇ ਕਾਰਜ, ਨਾਚਾਂ ਅਤੇ ਸੰਗੀਤ ਪ੍ਰੋਗਰਾਮਾਂ ਪਿਛੇ ਧਰਮ ਦੀ ਮਹਾਨ ਸ਼ਕਤੀ ਕੰਮ ਕਰਦੀ ਸੀ। ਧਾਰਮਿਕ ਰਸਮਾਂ ਅਤੇ ਦੇਵੀ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਉਨ੍ਹਾਂ ਦੇ ਉਤਸਵ ਮਨਾਉਣਾ ਯੂਨਾਨੀ ਲੋਕਾਂ ਦੇ ਜੀਵਨ ਦਾ ਇਕ ਅੰਗ ਬਣ ਗਿਆ ਸੀ। ਜਿਸ ਨੇ ਨਾਟਕ ਦੇ ਵਿਕਾਸ ਵਿੱਚ ਇਕ ਮਹੱਤਵਪੂਰਣ ਭੂਮਿਕਾ ਨਿਭਾਈ। ਯੂਨਾਨੀ ਦੇ ਇਨ੍ਹਾਂ ਨਾਟਕਾਂ ਵਿੱਚ ਡਾਇਓਨੀਸਸ ਦੇ ਵਰਣਨ ਨੇ ਦੇਵੀ ਦੇਵਤਿਆਂ ਨੂੰ ਸਾਹਮਣੇ ਲਿਆਂਦਾ। ਯੂਨਾਨ ਡਰਾਮੇਂ ਦੀ ਪ੍ਰਿਸ਼ਠ ਭੂਮੀ ਸਬੰਧੀ ਕੋਈ ਵੀ ਬਿਰਤਾਂਤ ਅਤੇ ਯੂਨਾਨ ਲੋਕਾਂ ਦੇ ਜੀਵਨ ਦਾ ਕੋਈ ਵੀ ਪਹਿਲੂ ਇਨ੍ਹਾਂ ਤੋਂ ਬਿਨਾਂ ਸੰਪੂਰਨ ਨਹੀਂ ਸਮਝਿਆ ਜਾ ਸਕਦਾ। ਇਨ੍ਹਾਂ ਦੇਵੀ-ਦੇਵਤਿਆਂ ਦੇ ਵਿਚਾਰ ਨੇ ਵੱਖ-ਵੱਖ ਮੌਕਿਆਂ ਉਤੇ ਅਤੇ ਉਥੋਂ ਦੀ ਵੱਸੋਂ ਦੇ ਵੱਖ-ਵੱਖ ਭਾਗਾਂ ਵਿਚ ਵੱਖਰਾ-ਵੱਖਰਾ ਪ੍ਰਤਿਕਰਮ ਪੈਦਾ ਕੀਤਾ, ਜਿਹਾ ਕਿ ਡਰ, ਹੈਰਾਨੀ, ਹਾਸਾ, ਸ਼ੰਕਾ ਅਤੇ ਪਿਆਰ। ਇਹ ਦੇਵੀ ਦੇਵਤੇ ਯੂਨਾਨੀ ਲੋਕਾਂ ਦੇ ਮਨਾਂ ਵਿੱਚ ਲਗਾਤਾਰ ਉਸੇ ਤਰ੍ਹਾਂ ਵੱਸੇ ਹੋਏ ਹਨ ਜਿਵੇਂ ਆਧੁਨਿਕ ਮਨੁੱਖ ਦੇ ਮਨ ਵਿੱਚ ਧਰਮ ਨਹੀਂ ਵੱਸਿਆ ਹੋਇਆ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਐਥਿਨੀ ਨਾਟਕ ਕਿਸੇ ਦੇਵੀ ਦੇਵਤੇ ਦੀ ਪੂਜਾ ਨਾਲ ਸਬੰਧਿਤ ਹੋਣਾ ਚਾਹੀਦਾ ਹੈ ਜਾਂ ਕਿ ਉਨ੍ਹਾਂ ਦੇ ਨਾਟਕਾਂ ਵਿੱਚ ਦੇਵੀ ਦੇਵਤੇ ਇਤਨੇ ਉੱਘੇ ਰੂਪ ਵਿੱਚ ਪੇਸ਼ ਕੀਤੇ ਜਾਣ।[48] ਸੋ ਯੂਨਾਨੀ ਨਾਟਕ ਦਾ ਆਰੰਭ ਧਾਰਮਿਕ ਰਸਮਾਂ ਦੇ ਪ੍ਰਸਾਰ ਨਾਲ ਹੋਇਆ ਅਤੇ ਇਸੇ ਹੀ ਤਰ੍ਹਾਂ ਆਧੁਨਿਕ ਰੰਗਮੰਚ ਵੀ ਬਗ਼ੈਰ ਕਿਸੇ ਚੇਤੰਨ ਯਤਨ ਦੇ ਤਤਕਾਲੀਨ ਧਾਰਮਿਕ ਰਸਮਾਂ ਦੀ ਮਨੌਤ ਵਿੱਚੋਂ ਪੈਦਾ ਹੋਇਆ ਹੈ।[49]

ਦੂਸਰੇ ਯੂਰਪੀਨ ਦੇਸ਼ਾਂ ਦੀਆਂ ਨਾਟ-ਪਰੰਪਰਾਵਾਂ:

ਯੂਨਾਨ ਤੋਂ ਇਲਾਵਾ, ਯੂਰਪ ਦੇ ਦੂਸਰੇ ਹੋਰ ਕਈਆਂ ਦੇਸ਼ਾਂ ਵਿੱਚ ਵੀ ਨਾਟਕ ਦੀ ਉਤਪਤੀ ਅਤੇ ਵਿਕਾਸ ਧਰਮ ਵਿੱਚੋਂ ਹੋਇਆ ਹੈ ਜਾਂ ਨਾਟਕ ਦਾ ਕਿਸੇ ਦਾ ਕਿਸੇ ਤਰ੍ਹਾਂ ਧਰਮ ਨਾਲ ਡੂੰਘਾ ਸਬੰਧ ਰਿਹਾ ਹੈ। ਇਨ੍ਹਾਂ ਦੇਸ਼ਾਂ ਵਿੱਚੋਂ ਇੰਗਲੈਂਡ ਪ੍ਰਮੁੱਖ ਦੇਸ਼ ਹੈ, ਜਿਥੇ ਮੱਧਕਾਲ ਵਿੱਚ ਨਾਟਕ ਦੀ ਪੁਨਰ-ਸੁਰਜੀਤੀ ਧਰਮ ਵਿਚੋਂ ਹੋਈ। ਉਸ ਸਮੇਂ ਨਾਟਕੀ ਪਰੰਪਰਾਵਾਂ ਨੂੰ ਸੁਰਜੀਤ ਕਰਨ ਵਿੱਚ ਚਰਚ ਜਾਂ ਗਿਰਜੇ ਨੇ ਮਹੱਤਵਪੂਰਣ ਰੋਲ ਅਦਾ ਕੀਤਾ ਹੈ। ਉਸ ਸਮੇਂ ਦੇ ਪੁਰਸ਼ਾਂ ਅਤੇ ਇਸਤਰੀਆਂ ਲਈ ਨਿੱਤ ਦੇ ਕਾਰ-ਵਿਹਾਰ ਤੋਂ ਇਲਾਵਾ, ਵਾਸਤਵ ਵਿੱਚ, ਧਰਮ ਹੀ ਸਭ ਕੁਝ ਸੀ।[50] ਸੋ ਆਪਣੇ ਧਰਮ ਦੇ ਪ੍ਰਚਾਰ ਲਈ ਈਸਾਈ ਪਾਦਰੀਆਂ ਨੇ ਕ੍ਰਿਸਮਿਸ ਅਤੇ ਈਸਟਰ ਦੇ ਮੌਕਿਆਂ ਤੇ ਚਰਚ ਵਿੱਚ ਬਾਈਬਲ ਵਿੱਚੋਂ ਆਪਣੇ ਧਰਮ ਦੇ ਸਿਧਾਂਤਾਂ ਨੂੰ ਨਾਟਕੀ ਰੂਪ ਦੇ ਕੇ ਬਿਆਨ ਕਰਨਾ ਸ਼ੁਰੂ ਕੀਤਾ। ਉਨ੍ਹਾਂ ਵੱਲੋਂ ਖੇਡੇ ਜਾਂਦੇ ਅਜਿਹੇ ਨਾਟਕਾਂ ਦੀ ਭਾਸ਼ਾ ਲਾਤੀਨੀ ਸੀ, ਅਤੇ ਇਹ ਭਾਸ਼ਾ ਉਨ੍ਹਾਂ ਦੇ ਧਰਮ ਦੀ ਭਾਸ਼ਾ ਸੀ। ਲਾਤੀਨੀ ਭਾਸ਼ਾ ਵਿੱਚ ਲਿਖੇ ਇਹ ਧਾਰਮਿਕ ਨਾਟਕ ਬਾਰ੍ਹਵੀਂ ਸਦੀ ਵਿੱਚ ਖੇਡੇ ਜਾਣੇ ਸ਼ੁਰੂ ਹੁੰਦੇ ਹਨ।

ਚੌਦ੍ਹਵੀਂ ਸਦੀ ਦੇ ਆਰੰਭ ਵਿੱਚ ਜਦੋਂ ਪੋਪ ਨੇ ਕਾਰਪਸ ਕ੍ਰਿਸਟੀ (Corpus Christi)[51] ਦੇ ਤਿਉਹਾਰ ਦੀ ਸਥਾਪਨਾ ਕੀਤੀ ਤਾਂ ਇਹ ਨਾਟਕ ਬਹੁਤ ਹਰਮਨ-ਪਿਆਰੇ ਹੋ ਗਏ। ਇਹ ਨਾਟਕ ਇਕ ਸ਼ਹਿਰ ਵਿੱਚ ਕਈਆਂ ਥਾਵਾਂ ਤੇ ਖੇਡੇ ਜਾਂਦੇ ਸਨ। ਹਰੇਕ ਨਾਟਕ ਇਕ ਅਜਿਹੇ ਪਲੇਟਫ਼ਾਰਮ ਉੱਤੇ ਖੇਡਿਆ ਜਾਂਦਾ ਸੀ, ਜਿਸ ਦੇ ਹੇਠਾਂ ਪਹੀਏ ਲੱਗੇ ਹੁੰਦੇ ਸਨ ਅਤੇ ਇਨ੍ਹਾਂ ਪਹੀਏ ਲਗੇ ਪਲੇਟਫ਼ਾਰਮਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਰੇੜ੍ਹ ਕੇ ਲਿਜਾਇਆ ਜਾਂਦਾ ਸੀ।[52]

ਮੱਧਕਾਲੀਨ ਜਨ-ਸਮੂਹ ਕੋਲ ਮਨੋਰੰਜਨ ਦੇ ਹੋਰ ਕੋਈ ਸਾਧਨ ਨਹੀਂ ਸਨ ਅਤੇ ਇਹ ਕੁਦਰਤੀ ਸੀ ਕਿ ਉਹ ਅਜਿਹੇ ਧਾਰਮਿਕ ਨਾਟਕਾਂ ਨੂੰ ਵੇਖਣ ਲਈ ਹੁੰਮ-ਹੁੰਮਾ ਕੇ ਆਉਂਦੇ। ਇਸ ਤਰ੍ਹਾਂ ਨਾਲ ਅਜਿਹੇ ਨਾਟਕਾਂ ਨੂੰ ਵੇਖਣ ਦੇ ਇਛੁੱਕ ਸਾਰੇ ਇਸਤਰੀ ਮਰਦਾਂ ਨੂੰ ਗਿਰਜਾ-ਘਰਾਂ ਵਿੱਚ ਬੈਠਣ ਲਈ ਥਾਂ ਨਹੀਂ ਸੀ ਮਿਲਦੀ। ਇਸ ਦਾ ਪ੍ਰਤੱਖ ਹੱਲ ਇਹੋ ਹੀ ਸੀ ਕਿ ਇਹ ਨਾਟਕ ਗਿਰਜਾ-ਘਰ ਦੇ ਅੰਦਰ ਹੀ ਵਿਹੜੇ ਵਿੱਚ ਖੇਡੇ ਜਾਂਦੇ। ਜਦੋਂ ਗਿਰਜਾ-ਘਰਾਂ ਦੇ ਵਿਹੜੇ ਵੀ ਲੋਕਾਂ ਦੀਆਂ ਭੀੜਾਂ ਨੂੰ ਥਾਂ ਨਾ ਦੇ ਸਕੇ ਤਾਂ ਇਹ ਨਾਟਕ ਬਾਜ਼ਾਰ ਵਿੱਚ ਖੇਡੇ ਜਾਣ ਲੱਗ ਪਏ। ਇਨ੍ਹਾਂ ਦੀ ਭਾਸ਼ਾ ਹੁਣ ਅੰਗ੍ਰੇਜ਼ੀ ਹੋ ਗਈ ਸੀ ਅਤੇ ਉਨ੍ਹਾਂ ਨੂੰ ਜ਼ਿਆਦਾ ਦਿਲਚਸਪ ਬਣਾਉਣ ਲਈ ਉਨ੍ਹਾਂ ਵਿੱਚ ਹਾਸ ਰਸ ਦਾ ਰੰਗ ਵੀ ਭਰ ਦਿੱਤਾ ਗਿਆ ਸੀ।[53] ਅਜਿਹੇ ਨਾਟਕਾਂ ਨੂੰ ਪੈਸ਼ਨ ਪਲੇਜ਼ (Passion Plays), ਮਿਸਟਰੀ ਜਾਂ ਮਿਰੇਕਲ ਪਲੇਜ਼ (Mystery or Miracle Plays) ਦਾ ਨਾਂ ਦਿੱਤਾ ਜਾਂਦਾ ਹੈ।[54] ਇਨ੍ਹਾਂ ਵਿੱਚੋਂ ਹੀ ਬਾਦ ਵਿੱਚ ਸਦਾਚਾਰਕ ਨਾਟਕ (Morality Plays) ਦਾ ਨਿਕਾਸ ਹੁੰਦਾ ਹੈ ਤੇ ਫਿਰ ਆਧੁਨਿਕ ਰੂਪ ਦਾ ਆਗਮਨ ਹੁੰਦਾ ਹੈ।

ਇਨ੍ਹਾਂ ਧਾਰਮਿਕ ਨਾਟਕਾਂ ਨੂੰ ਰੰਗਮੰਚ ਦੇ ਇਤਿਹਾਸਕਾਰ ਆਮ ਤੌਰ ਤੇ ਕੇਵਲ ਨਾਟਕ ਦੇ ਇਤਿਹਾਸ ਲਈ ਹੀ ਮਹੱਤਵਪੂਰਣ ਸਮਝਦੇ ਹਨ। ਵਾਸਤਵ ਵਿੱਚ, ਉਹ ਆਪਣੇ ਆਪ ਵਿੱਚ ਹੀ ਆਪਣਾ ਮਹੱਤਵ ਰੱਖਦੇ ਹਨ। ਇਹ ਧਾਰਮਿਕ ਨਾਟਕ ਇਕ ਮਹਾਨ ਰਾਸ਼ਟਰੀ ਪਰੰਪਰਾ ਦਾ, ਜਿਸ ਨੂੰ ਸ਼ਾਇਦ ਅਸੀਂ ਕਦੇ ਵੀ ਚੰਗੀ ਤਰ੍ਹਾਂ ਨਹੀਂ ਸਮਝਿਆ, ਰੂਪ ਧਾਰਨ ਕਰ ਗਏ ਅਤੇ ਜਦੋਂ ਪਿਓਰੀਟਨਵਾਦ ਨੇ ਲੋਕਾਂ ਪਾਸੋਂ ਮਨੋਰੰਜਨ ਦਾ ਇਹ ਸਾਧਨ ਖੋਹ ਲਿਆ, ਤਾਂ ਇੰਗਲੈਂਡ ਦਾ ਜੀਵਨ ਨੀਰਸ ਹੋ ਗਿਆ।[55] ਪਰੰਤੂ ਬਾਦ ਵਿੱਚ ਇਨ੍ਹਾਂ ਨਾਟਕਾਂ ਦਾ ਉਦਭਵ ਲੋਕਾਂ ਦੀ ਆਪਣੀ ਪਾਠ-ਪੂਜਾ ਵਿੱਚ ਰੰਗੀਨੀ ਅਤੇ ਹਰਕਤ ਪੈਦਾ ਕਰਨ ਦੀ ਭੁੱਖ ਵਿੱਚੋਂ ਅਤੇ ਪਾਦਰੀ-ਵਰਗ ਦੇ ਇਸ ਅਨੁਭਵ ਵਿੱਚੋਂ ਹੋਇਆ, ਜਿਹੜਾ ਕਿ ਇਹ ਮੰਨਦਾ ਸੀ ਕਿ ਧਾਰਮਿਕ ਸਿਧਾਂਤਾਂ ਦੇ ਗੰਭੀਰ ਸੱਚ ਦੀ ਸਿੱਖਿਆ ਦੇਣ ਲਈ ਨਾਟਕ ਹੀ ਇਕ ਅਮੋਲ ਮਾਧਿਅਮ ਹੈ।[56]

ਸਪੇਨ ਵਿੱਚ ਵੀ ਇਸੇ ਹੀ ਤਰ੍ਹਾਂ ਨਾਟਕ ਗਿਰਜਾ ਘਰ ਤੋਂ ਗਿਰਜਾ ਘਰ ਦੀ ਡਿਉਢੀ ਜਾਂ ਆਸ਼ਰਮ ਵਿੱਚ ਕੀਤੀਆਂ ਜਾਂਦੀਆਂ ਧਾਰਮਿਕ ਰਸਮਾਂ ਤੋਂ ਹੌਲੀ ਹੌਲੀ ਪੈਦਾ ਹੋ ਕੇ ਲੌਕਿਕ ਜਾਂ ਅਸੰਪਰਦਾਇਕ ਰੂਪ ਧਾਰਨ ਕਰਦਾ ਹੈ।[57]

ਇਟਲੀ ਦੀ ਨਾਟ-ਪਰੰਪਰਾ ਦਾ ਵਿਕਾਸ ਵੀ ਧਰਮ ਵਿੱਚੋਂ ਹੋਇਆ ਹੈ। ਮੱਧ-ਕਾਲੀਨ ਯੂਰਪ ਦੇ ਰੰਗਮੰਚ ਦੇ ਇਤਿਹਾਸ ਵਿੱਚ ਇਤਾਲਵੀ ਨਾਟਕ ਨੂੰ ਇਕ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਮੱਧ-ਕਾਲ ਵਿੱਚ ਧਾਰਮਿਕ ਨਾਟਕ ਨੇ ਨਾਟਕੀ ਪ੍ਰਗਟਾਉ ਦੀ ਦਿਸ਼ਾ

ਵੱਲ ਸਾਰੀ ਸਭਿਅਤਾ ਦੀਆਂ ਅਕਾਂਖਿਆਵਾਂ ਨੂੰ ਪ੍ਰਗਟ ਕੀਤਾ ਹੈ। ਇਸ ਦੀ ਇਕ ਵਧੀਆ ਉਦਾਹਰਣ "ਜੈਕੋਪੋਨ ਦਾ ਟੋਡੀ" ਦਾ "ਪਿਆਂਤੋ ਦੇਲਾ ਮੰਦੋਨਾ" ਨਾਂ ਦਾ ਇਕ ਨਾਟਕੀ ਭਜਨ ਹੈ। ਇਟਲੀ ਵਿੱਚ ਪੰਦਰ੍ਹਵੀਂ ਸਦੀ ਤਕ ਧਾਰਮਿਕ ਨਾਟਕਾਂ ਨੇ ਲੇਖਕਾਂ ਅਤੇ ਦਰਸ਼ਕਾਂ ਦਾ ਧਿਆਨ ਮੱਲੀ ਰਖਿਆ ਹੈ ਅਤੇ ਇਸ ਨਾਟਕੀ ਰੂਪ ਨੂੰ ਮਾਨਵਵਾਦੀ ਲੇਖਕਾਂ ਨੇ ਇਕ ਨਵੇਂ ਕਲਾ ਮਨੋਰਥ ਅੜੇ ਵਿਸ਼ੇਸ਼ ਕਰ ਕੇ ਰੰਗਮੰਚੀ ਪ੍ਰਭਾਵ ਨੂੰ ਧਿਆਨ ਵਿੱਚ ਰੱਖਕੇ ਮੁੜ ਸੁਰਜੀਤ ਕੀਤਾ ਸੀ।[58]

ਜਰਮਨੀ ਵਿੱਚ ਵੀ ਨਾਟਕੀ ਸਰਗਰਮੀ ਧਾਰਮਿਕ ਸੋਮਿਆਂ ਤੋਂ ਹੀ ਫੁੱਟੀ ਹੈ ਅਤੇ ਇਸ ਦਾ ਸਬੰਧ ਵਿਸ਼ੇਸ਼ ਕਰ ਕੇ ਈਸਾਈ ਧਰਮ ਨਾਲ ਸਬੰਧਿਤ ਛੁੱਟੀਆਂ ਨਾਲ ਰਿਹਾ ਹੈ। ਕਾਫ਼ੀ ਲੰਮੇਂ ਸਮੇਂ ਤਕ ਲਾਤੀਨੀ ਅਤੇ ਜਰਮਨੀ ਨਾਟਕ ਨਾਲੋ ਨਾਲ ਚਲਦੇ ਰਹੇ ਹਨ।[59] ਇਸੇ ਹੀ ਤਰ੍ਹਾਂ ਸਵੀਡਨ ਅਤੇ ਚੈਕੋਸਲਵਾਕੀਆ ਵਿੱਚ ਵੀ ਨਾਟਕ ਦਾ ਸਬੰਧ ਆਰੰਭਿਕ ਕਾਲ ਵਿੱਚ ਧਰਮ ਨਾਲ ਹੀ ਰਿਹਾ ਹੈ।

ਰੂਸ, ਜੋ ਕਿ ਸੰਸਾਰ ਦਾ ਇਕ ਪ੍ਰਸਿੱਧ ਸਮਾਜਵਾਦੀ ਦੇਸ਼ ਹੈ, ਵਿੱਚ ਵੀ ਨਾਟਕੀ ਪਰੰਪਰਾ ਦਾ ਸਬੰਧ ਧਰਮ ਨਾਲ ਜੁੜਦਾ ਹੈ। ਰੂਸ ਦਾ ਨਾਟਕ ਅਤੇ ਰੰਗਮੰਚ ਕਾਫੀ ਸਮੇਂ ਤਕ ਬਦੇਸ਼ੀ ਉਦਾਹਰਣਾਂ ਉੱਤੇ ਹੀ ਨਿਰਭਰ ਕਰਦਾ ਰਿਹਾ ਹੈ। ਪਹਿਲਾਂ ਪਹਿਲ ਇਥੋਂ ਦੇ ਨਾਟਕਾਂ ਉੱਤੇ ਬਾਈਜ਼ਨਤੀਨੀ ਥੀਏਟਰ (Byzantine Theatre) ਦੀ ਧਾਰਮਿਕ ਭਾਵਨਾ ਦਾ ਕਾਫ਼ੀ ਪ੍ਰਭਾਵ ਰਿਹਾ ਹੈ। ਜਰਮਨ ਦੇ ਫਿਰਤੂ ਕਲਾਕਾਰਾਂ ਦੀਆਂ ਨਾਟ-ਮੰਡਲੀਆਂ ਅਤੇ ਯਸੂਹ ਸਕੂਲ ਮਾਡਲ ਅਨੁਸਾਰ ਤਿਆਰ ਕੀਤੇ ਮਿਸਟਰੀ ਅਤੇ ਮੋਰੈਲਿਟੀ ਨਾਟਕ, ਜਿਹੜੇ ਕਿ ਇਸ ਦੇਸ਼ ਵਿੱਚ ਪੋਲੈਂਡ ਰਾਹੀਂ ਪ੍ਰਵੇਸ਼ ਕੀਤੇ, ਸਭ ਤੋਂ ਪਹਿਲਾਂ 17ਵੀਂ ਸਦੀ ਦੇ ਦੂਜੇ ਅੱਧ ਵਿੱਚ ਇਸ ਦੇਸ਼ ਵਿੱਚ ਵਿਖਾਏ ਗਏ। ਯੂਰਪੀਨ ਦ੍ਰਿਸ਼ਟੀਕੋਣ ਤੋਂ ਰੂਸ ਵਿੱਚ ਨਾਟਕ ਦਾ ਆਰੰਭ ਅਲੈਕਸੀ ਮਾਈਖੋਲੋਵਿਚ ਦੇ ਰਾਜ ਕਾਲ ਵਿੱਚ ਇਕ ਵਿਅਕਤੀ ਗਰੇਗਰੀ ਰਾਹੀਂ ਹੁੰਦਾ ਹੈ, ਜਿਸ ਦੁਆਰਾ ਬਾਈਬਲ ਵਿੱਚੋਂ ਲਏ ਗਏ ਵਿਸ਼ਿਆਂ ਦੇ ਆਧਾਰ 'ਤੇ ਲਿਖੇ ਨਾਟਕ 1672 ਵਿੱਚ ਮਾਸਕੋ ਵਿੱਚ ਖੇਡੇ ਗਏ ਸਨ।[60]

ਇਸੇ ਹੀ ਤਰ੍ਹਾਂ ਸੰਯੁਕਤ ਰਾਜ ਅਮ੍ਰੀਕਾ ਵਿੱਚ ਵੀ ਨਾਟਕ ਦਾ ਸਬੰਧ ਧਰਮ ਨਾਲ ਰਿਹਾ ਹੈ। ਭਾਵੇਂ ਬਾਦ ਵਿੱਚ ਪਦਾਰਥਵਾਦ, ਅਸਤਿਤਵਵਾਦ ਅਤੇ ਵਿਅਕਤੀਵਾਦ ਦੇ ਪ੍ਰਭਾਵ ਕਾਰਨ ਇਹ ਸਬੰਧ ਬਿਲਕੁਲ ਹੀ ਟੁੱਟ ਗਿਆ ਅਤੇ ਨਾਟਕ ਨੇ ਇਕ ਵੱਖਰਾ ਹੀ ਰੂਪ ਧਾਰਣ ਕਰ ਲਿਆ, ਪਰੰਤੂ ਵੀਹਵੀਂ ਸਦੀ ਦੇ ਅੰਤਲੇ ਅੱਧ ਵਿੱਚ ਅਮਰੀਕਾ ਵਿੱਚ ਫਿਰ ਧਾਰਮਿਕ ਨਾਟਕ ਲਿਖਣ, ਖੇਡਣ ਅਤੇ ਵੇਖਣ ਦੀ ਰੁਚੀ ਹੌਲੀ-ਹੌਲੀ ਪੈਦਾ ਹੋ ਰਹੀ ਹੈ ਅਤੇ ਇਸ ਰੁਚੀ ਦੇ ਪੈਦਾ ਹੋਣ ਦੇ ਕਾਰਨਾਂ ਨੂੰ ਕਈ ਤਰ੍ਹਾਂ ਨਾਲ ਬਿਆਨ ਕੀਤਾ ਜਾ ਸਕਦਾ ਹੈ। ਪਿਛਲੇ ਸੰਸਾਰ ਘੋਲ ਵਿੱਚ ਬੜੇ ਹੀ ਵਿਨਾਸ਼ਕਾਰੀ ਤਜਰਬੇ ਪ੍ਰਾਪਤ ਹੋਏ ਹਨ। ਇਸ ਤੱਥ ਕਿ ਹੁਣ ਮਨੁੱਖ ਆਪਣੇ ਆਪ ਨੂੰ ਖ਼ਤਮ ਕਰਨ ਦੀ ਤਾਕਤ ਆਪਣੇ ਹੱਥ ਵਿੱਚ ਰੱਖਦਾ ਹੈ, ਉਸ ਨੂੰ ਇਕ ਬਹੁਤ ਵੱਡੀ ਜ਼ਿੰਮੇਵਾਰੀ ਅਤੇ ਨੈਤਿਕ ਭਾਵਾਂ ਦਾ ਗਿਆਨ ਹੋਇਆ ਹੈ ਅਤੇ ਇਸ ਦੇ ਸਿੱਟੇ ਵਜੋਂ ਸਭ ਫਿਰਕਿਆਂ ਵਿੱਚ ਜਿਵੇਂ ਕਿ ਕੈਥੋਲਿਕ, ਪ੍ਰੋਟੈਸਟੈਂਟਸ ਅਤੇ ਯਹੂਦੀ-ਸਭ ਵਿੱਚ ਨਾਟਕ ਲਈ ਇਕ ਨਵੀਂ ਦਿਲਚਸਪੀ ਪੈਦਾ ਹੋਈ ਹੈ। ਇਨ੍ਹਾਂ ਸਾਰੇ ਕਾਰਨਾਂ ਕਰ ਕੇ

www.punjabilibrary.com

ਅਤੇ ਹੋਰ ਵੀ ਬਹੁਤ ਸਾਰੇ ਕਾਰਨਾਂ ਕਰ ਕੇ ਪਿਛਲੇ ਪੰਦਰਾਂ ਸਾਲਾਂ ਵਿੱਚ ਲੋਕਾਂ ਵਿੱਚ, ਇਥੋਂ ਤਕ ਕਿ ਨਿਯੂਯਾਰਕ ਦੇ ਵਾਪਾਰਿਕ 'ਬਰਾਡਵੇ ਥੀਏਟਰਜ਼' ਵਿੱਚ ਵੀ ਧਾਰਮਿਕ ਵਿਸ਼ਿਆਂ ਵਿੱਚ ਇਕ ਵਿਸ਼ੇਸ਼ ਦਿਲਚਸਪੀ ਪੈਦਾ ਹੋਈ ਹੈ।[61]

ਉਪਰੋਕਤ ਵਿਚਾਰ-ਵਟਾਂਦਰੇ ਅਤੇ ਨਾਟਕ ਦੇ ਇਤਿਹਾਸਿਕ ਸਰਵੇਖਣ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਸੰਸਾਰ ਦੇ ਪ੍ਰਮੁੱਖ ਦੇਸ਼ਾਂ ਦੀਆਂ ਨਾਟ-ਪਰੰਪਰਾਵਾਂ ਦਾ ਮੁੱਢਲਾ ਸਬੰਧ ਧਰਮ ਨਾਲ ਰਿਹਾ ਹੈ, ਅਰਥਕ ਧਰਮ ਨੇ ਨਾਟਕ ਦਾ ਹਮੇਸ਼ਾ ਹੀ ਸਾਥ ਦਿੱਤਾ ਹੈ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਧਰਮ ਮਨੁੱਖ ਦਾ ਇਕ ਅਜਿਹਾ ਸਹਿਜ ਜਜ਼ਬਾ ਹੈ, ਜਿਸ ਨੂੰ ਉਹ ਕਦੇ ਵੀ ਖ਼ਤਮ ਨਹੀਂ ਕਰ ਸਕਿਆ। ਮੁਸੀਬਤ ਵੇਲੇ ਅਤੇ ਵਿਸ਼ੇਸ਼ ਕਰ ਕੇ ਕਿਸੇ ਅਸਾਧਾਰਣ ਘਟਨਾ ਦੇ ਵਾਪਰਣ ਸਮੇਂ ਮਨੁੱਖ ਜ਼ਰੂਰ ਕਿਸੇ ਅਦ੍ਰਿਸ਼ਟ ਸ਼ਕਤੀ ਦੀ ਕਲਪਨਾ ਕਰਦਾ ਹੈ। ਮਨੁੱਖ ਪਿਛਲੇ ਕੁਝ ਸਮੇਂ ਤੋਂ ਭਾਵੇਂ ਮਾਰਕਸਵਾਦ, ਫ਼ਰਾਇਡਵਾਦ, ਅਸਤਿਤਵਵਾਦ, ਵਿਅਕਤੀਵਾਦ ਆਦਿ ਦੇ ਝਮੇਲਿਆਂ ਵਿੱਚ ਉਲਝਿਆ ਰਿਹਾ ਹੈ, ਪਰੰਤੂ ਅੱਜ ਫੇਰ ਵੀ ਉਸ ਦੀ ਬਿਰਤੀ ਧਰਮ-ਉਨਮੁੱਖ ਹੁੰਦੀ ਜਾ ਰਹੀ ਹੈ। ਅਮ੍ਰੀਕਾ ਵਰਗੇ ਪਦਾਰਥਵਾਦ ਦੀਆਂ ਸਿਖਰਾਂ ਨੂੰ ਛੂਹਣ ਵਾਲੇ ਦੇਸ਼ ਵੀ ਅੱਜ ਫਿਰ ਧਰਮ ਦੀ ਸ਼ਰਨ ਗ੍ਰਹਿਣ ਕਰ ਰਹੇ ਹਨ। ਉਥੇ ਵੀ ਹੁਣ ਧਾਰਮਿਕ ਵਿਸ਼ਿਆਂ ਵਾਲੇ ਨਾਟਕ ਲਿਖੇ ਜਾ ਰਹੇ ਹਨ। ਅਮਰੀਕਾ ਵਿੱਚ ਲਿਖੇ ਅਤੇ ਖੇਡੇ ਜਾ ਰਹੇ ਇਹ ਧਾਰਮਿਕ ਨਾਟਕ ਸਿਧਾਂਤਵਾਦੀ ਨਹੀਂ ਹਨ, ਅਰਥਾਤ ਇਹ ਕਿਸੇ ਧਾਰਮਿਕ ਸਿਧਾਂਤ ਦਾ ਪ੍ਰਚਾਰ ਨਹੀਂ ਕਰਦੇ। ਇਨ੍ਹਾਂ ਵਿੱਚ ਸਰਬ-ਵਿਆਪੀ ਅਰਥ ਛੁਪੇ ਹੋਏ ਹਨ ਅਤੇ ਇਹ ਸਦਾਚਾਰਕ, ਸਮਾਜਿਕ ਅਤੇ ਮਨੋ-ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਮਨੁੱਖੀ ਸਮੱਸਿਆ ਦੀ ਘੋਖ ਕਰਦੇ ਹਨ।[62]

ਸੋ ਨਾਟਕ ਅਤੇ ਧਰਮ ਦੋਵੇਂ ਹੀ ਇਕ ਦੂਜੇ ਦਾ ਹਰ ਕਾਲ ਵਿੱਚ ਸਾਥ ਦੇਂਦੇ ਰਹੇ ਹਨ। ਕਦੇ ਨਾਟਕ ਧਰਮ ਦਾ ਪ੍ਰੇਰਣਾ-ਸਰੋਤ ਬਣਿਆ ਤੇ ਕਦੇ ਧਰਮ ਨਾਟਕ ਲਈ ਸਮੱਗਰੀ ਪ੍ਰਦਾਨ ਕਰਦਾ ਰਿਹਾ ਹੈ। ਦੋਹਾਂ ਦਾ ਸੰਬੰਧ ਅਨਿਖੜ ਅਤੇ ਸਦੀਵੀ ਹੈ।

ਧਾਰਮਿਕ ਨਾਟਕ-ਸੁਭਾ ਅਤੇ ਸਰੂਪ:

ਧਾਰਮਿਕ ਨਾਟਕ ਆਪਣੇ ਆਪ ਵਿੱਚ ਇੱਕ ਵੱਖਰੀ ਤੇ ਵਿਸ਼ੇਸ਼ ਕਲਾਤਮਕ ਰਚਨਾ ਹੈ। ਜਿਸ ਦਾ ਆਪਣਾ ਵੱਖਰਾ ਸੁਭਾ, ਸਰੂਪ, ਅਸਤਿਤਵ, ਪ੍ਰਭਾਵ-ਖੇਤਰ ਅਤੇ ਸੀਮਾਵਾਂ ਜਾਂ ਸਮੱਸਿਆਵਾਂ ਹਨ। ਵੱਖ-ਵੱਖ ਦੇਸ਼ਾਂ ਅਤੇ ਵੱਖ-ਵੱਖ ਧਰਮਾਂ ਨਾਲ ਸਬੰਧ ਰੱਖਣ ਵਾਲੇ ਨਾਟਕਕਾਰਾਂ ਨੇ ਆਪੋ-ਆਪਣੇ ਧਾਰਮਿਕ ਆਗੂਆਂ ਦੀਆਂ ਜੀਵਨ ਘਟਨਾਵਾਂ, ਧਾਰਮਿਕ ਸਿਧਾਂਤਾਂ ਅਤੇ ਧਾਰਮਿਕ ਅਨੁਭਵ ਨੂੰ ਆਪਣੇ ਨਾਟਕਾਂ ਵਿੱਚ ਸਮੱਗਰੀ ਵਜੋਂ ਵਰਤਿਆ ਹੈ। ਧਾਰਮਿਕ ਨਾਟਕ ਦਾ ਮਹੱਤਵ ਹਰ ਕਾਲ ਵਿੱਚ ਰਿਹਾ ਹੈ। ਅੱਜ ਜਦੋਂ ਕਿ ਮਨੁੱਖ ਵਿੱਚ ਵਿਅਕਤੀਗਤ ਰੂਪ ਵਿੱਚ ਵਿਸ਼ੇਸ਼ ਕਰ ਕੇ ਅਤੇ ਸੰਸਾਰ ਵਿੱਚ ਆਮ ਕਰ ਕੇ ਨਾਸਤਿਕਤਾ ਜਾਂ ਵਿਰਕਤਤਾ ਫੈਲੀ ਪ੍ਰਤੀਤ ਹੁੰਦੀ ਹੈ, ਧਾਰਮਿਕ ਨਾਟਕ ਜਾਂ ਧਰਮ ਅਤੇ ਨਾਟਕ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।[63]

ਧਾਰਮਿਕ ਨਾਟਕ ਦੀ ਕੋਈ ਉਚਿਤ ਪਰਿਭਾਸ਼ਾ ਦੇ ਸਕਣੀ ਕਠਿਨ ਹੈ। ਇਕ ਵਿਚਾਰ ਅਨੁਸਾਰ ਉਹ ਸਾਰੇ ਨਾਟਕ, ਧਾਮਿਕ ਨਾਟਕ ਹਨ, ਜਿਨ੍ਹਾਂ ਵਿੱਚੋਂ ਰੂਹਾਨੀ ਕਦਰਾਂ-ਕੀਮਤਾਂ ਦੀ ਭਾਲ ਕੀਤੀ ਗਈ ਹੋਵੇ। ਸੀਮਿਤ ਅਰਥਾਂ ਵਿੱਚ, ਉਹ ਨਾਟਕ ਧਾਰਮਿਕ ਨਾਟਕ ਹੈ, ਜਿਸ ਵਿੱਚ ਕਿਸੇ ਧਰਮ ਦੇ ਪ੍ਰਚਾਰ ਨੂੰ ਵਿਸ਼ਾ-ਵਸਤੂ ਬਣਾਇਆ ਗਿਆ ਹੋਵੇ।[64] ਸੋ ਧਾਰਮਿਕ ਨਾਟਕ, ਇਕ ਅਜਿਹਾ ਨਾਟਕ-ਰੂਪ ਹੈ ਜਿਸ ਵਿੱਚ ਕਿਸੇ ਧਰਮ ਦੇ ਆਗੂਆਂ ਦੀਆਂ ਜੀਵਨ-ਘਟਨਾਵਾਂ ਬਿਆਨ ਕੀਤੀਆਂ ਗਈਆਂ ਹੋਣ, ਧਾਰਮਿਕ ਅਕੀਤਿਆਂ ਦਾ ਪ੍ਰਚਾਰ ਕੀਤਾ ਗਿਆ ਹੋਵੇ ਜਾਂ ਧਾਰਮਿਕ ਅਨੁਭਵ ਦੀ ਗੱਲ ਕੀਤੀ ਗਈ ਹੋਵੇ।

ਪੱਛਮੀ ਦੇਸ਼ਾਂ ਵਿੱਚ ਆਰੰਭਿਕ ਧਾਰਮਿਕ ਨਾਟਕ ਜਿਥੇ ਆਪਣੇ ਧਾਰਮਿਕ ਆਗੂਆਂ ਪ੍ਰਤੀ ਸ਼ਰਧਾ ਪ੍ਰਗਟ ਕਰਨ ਦੀ ਭਾਵਨਾ ਵਿਚੋਂ ਪੈਦਾ ਹੋਇਆ ਸੀ, ਉਥੇ ਅਜੋਕਾ ਧਾਰਮਿਕ ਨਾਟਕ ਮਹਾ ਪੁਰਸ਼ਾਂ ਪ੍ਰਤੀ ਸ਼ਰਧਾ ਪ੍ਰਗਟ ਕਰਨ ਦੀ ਭਾਵਨਾ ਵਿਚੋਂ ਪੈਦਾ ਨਹੀਂ ਹੋ ਰਿਹਾ, ਸਗੋਂ ਇਹ ਮਨੁੱਖ ਦੇ ਵਧੇ ਹੋਏ ਗਿਆਨ ਵਿੱਚੋਂ, ਵਿਗਿਆਨ ਦੀ ਅਸਫ਼ਲਤਾ ਵਿਚੋਂ ਅਤੇ ਮਨੁੱਖ ਦੇ ਅਸਤਿਤਵ ਬਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਤਰਕਸ਼ੀਲ ਪ੍ਰਮਾਣਾਂ ਵਿੱਚੋਂ ਪੈਦਾ ਹੋ ਰਿਹਾ ਹੈ।[65] ਅਸਲ ਵਿੱਚ ਧਾਰਮਿਕ ਨਾਟਕ ਸ਼ੰਕੇ ਦੇ ਅਜੋਕੇ ਯੁੱਗ ਵਿੱਚ ਪਰਮਾਤਮਾ ਦੀ ਭਾਲ ਕਰਨ ਦੇ ਯਤਨ ਵਜੋਂ ਲਿਖੇ ਜਾ ਰਹੇ ਹਨ। ਕਈਆਂ ਲੋਕਾਂ ਦੇ ਖਿਆਲ ਵਿੱਚ ਇਹ ਅਸਲੀਅਤ ਤੋਂ ਭਾਂਜ, ਪਦਾਰਥਵਾਦ ਦਾ ਖੰਡਨ ਅਤੇ ਮਨ ਨੂੰ ਧਰਵਾਸ ਦੇਣ ਲਈ ਗਿਰਜਾ ਘਰ ਵੱਲ ਮੂੰਹ ਮੋੜਨ ਵਾਲੀ ਗੱਲ ਹੈ।[66]

ਵਸਤੂ ਦੀ ਦ੍ਰਿਸ਼ਟੀ ਤੋਂ ਧਾਰਮਿਕ ਨਾਟਕਾਂ ਨੂੰ ਭਾਵੇਂ ਸ਼੍ਰੇਣੀਬੱਧ ਕਰਨਾ ਕਠਿਨ ਹੈ, ਪਰੰਤੂ ਉਨਾ ਐਲਿਸ ਫਰਮਰ (Una Ellis-Fermor) ਨੇ ਇਸ ਨੂੰ ਤਿੰਨ ਸ਼੍ਰੇਣੀਆਂ ਵਿੱਚ ਵਿਭਾਜਿਤ ਕੀਤਾ ਹੈ। ਉਸ ਅਨੁਸਾਰ ਪਹਿਲੀ ਕਿਸਮ ਦੇ ਉਹ ਨਾਟਕ ਹਨ ਜਿਨ੍ਹਾਂ ਵਿੱਚ ਧਾਰਮਿਕ ਗੀਤਾਂ-ਰਿਵਾਜਾਂ ਅਤੇ ਧਾਰਮਿਕ ਮਰਯਾਦਾ ਨੂੰ ਪਿਛੋਕੜ ਵਿੱਚ ਰੱਖਿਆ ਜਾਂਦਾ ਹੈ। ਦੂਜੀ ਕਿਸਮ ਦੇ ਉਹ ਨਾਟਕ ਹਨ, ਜਿਨ੍ਹਾਂ ਵਿੱਚ ਧਾਰਮਿਕ ਵਿਅਕਤੀ ਦੀਆਂ ਜੀਵਨ-ਘਟਨਾਵਾਂ ਨੂੰ ਬਿਆਨ ਕੀਤਾ ਹੋਵੇ ਅਤੇ ਤੀਜੀ ਕਿਸਮ ਦੇ ਉਹ ਨਾਟਕ ਹਨ, ਜਿਨ੍ਹਾਂ ਵਿੱਚ ਕਿਸੇ ਧਰਮ-ਵਿਸ਼ੇਸ਼ ਦੇ ਸਿਧਾਂਤਾਂ ਜਾਂ ਨੈਤਿਕ ਨਿਯਮਾਂ ਦਾ ਪ੍ਰਚਾਰ ਕੀਤਾ ਗਿਆ ਹੋਵੇ।[67] ਅੰਗ੍ਰੇਜ਼ੀ ਸਾਹਿਤ ਵਿੱਚ ਤਾਂ ਸਾਨੂੰ ਇਨ੍ਹਾਂ ਤਿੰਨਾਂ ਹੀ ਕਿਸਮਾਂ ਦੇ ਨਾਟਕ ਉਪਲਬੱਧ ਹਨ, ਪਰੰਤੂ ਪੰਜਾਬੀ ਵਿੱਚ ਹਾਲੀ ਤਕ ਜ਼ਿਆਦਾਤਰ ਕੇਵਲ ਉਹ ਨਾਟਕ ਹੀ ਲਿਖੇ ਗਏ ਹਨ, ਜਿਨ੍ਹਾਂ ਵਿੱਚ ਧਾਰਮਿਕ ਵਿਅਕਤੀਆਂ ਦੀਆਂ ਜੀਵਨ-ਘਟਨਾਵਾਂ ਨੂੰ ਮੂਲ ਸਮਰੱਗਰੀ ਵਜੋਂ ਵਰਤਿਆ ਗਿਆ ਹੋਵੇ। ਧਾਰਮਿਕ ਅਨੁਭਵ ਵਾਲੇ ਨਾਟਕਾਂ ਦੀ ਅਜੇ ਪੰਜਾਬੀ ਵਿੱਚ ਬੜੀ ਘਾਟ ਹੈ। ਪੰਜਾਬੀ ਦੇ ਬਹੁਤੇ ਨਾਟਕ ਲਿਖੇ ਹੀ ਧਾਰਮਿਕ ਮਹਾ ਪੁਰਸ਼ਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਹਨ।

ਧਾਰਮਿਕ ਨਾਟਕ, ਕਿਉਂਜੋ ਵੱਖਰੀ ਕਿਸਮ ਦਾ ਨਾਟਕ ਹੈ, ਇਸ ਲਈ ਇਸ ਦੇ ਆਪਣੇ ਹੀ ਸਿਧਾਂਤ ਹਨ ਅਤੇ ਇਹ ਸਿਧਾਂਤ ਨਾਟਕ ਦੇ ਉਨ੍ਹਾਂ ਸਿਧਾਂਤਾਂ ਤੋਂ ਵੱਖਰੇ ਹਨ, ਜਿਨ੍ਹਾਂ ਦਾ ਅਰਸਤੂ ਨੇ ਵਿਸ਼ਲੇਸ਼ਣ ਕੀਤਾ ਹੈ।[68] ਧਾਰਮਿਕ ਨਾਟਕਾਂ ਵਿੱਚ ਦੇਵੀ ਦੇਵਤੇ ਅਤੇ ਆਮ ਮਨੁੱਖ ਸ਼ਾਮਿਲ ਹੁੰਦੇ ਹਨ। ਜਿਥੇ ਦੇਵੀ ਦੇਵਤੇ ਮੌਜੂਦ ਹੋਣ, ਉਥੇ ਉਨ੍ਹਾਂ ਨੂੰ ਆਮ

ਮਨੁੱਖਾਂ ਨਾਲੋਂ ਪ੍ਰਾਥਮਿਕਤਾ ਦਿੱਤੀ ਜਾਣੀ ਚਾਹੀਦੀ ਹੈ।[69]

ਧਾਰਮਿਕ ਨਾਟਕ ਮੂਲ ਰੂਪ ਵਿੱਚ ਸਿੱਖਿਆ ਦੇਣ ਲਈ ਹੀ ਰਚੇ ਜਾਂਦੇ ਹਨ। ਇਹ ਨਾਟਕ ਕਿਸੇ ਨਵੀਂ ਵਿਚਾਰਧਾਰਾ ਨੂੰ ਪੇਸ਼ ਕਰ ਕੇ ਜਾਂ ਕਿਸੇ ਪ੍ਰਾਚੀਨ ਸੱਚ ਨੂੰ ਰਵਾਇਤੀ ਢੰਗ ਜਾਂ ਨਵੇਂ ਰੂਪ ਵਿੱਚ ਪੇਸ਼ ਕਰ ਕੇ ਸਿੱਖਿਆ ਦੇਂਦੇ ਹਨ।[70]

ਧਾਰਮਿਕ ਨਾਟਕਾਂ ਦੀ ਸਭ ਤੋਂ ਵੱਡੀ ਸੀਮਾ ਅਥਵਾ ਸਮੱਸਿਆ ਮੰਚ-ਪ੍ਰਦਰਸ਼ਨ ਦੀ ਸਮੱਸਿਆ ਹੈ। ਵਾਸਤਵ ਵਿੱਚ ਹਰਕੇ ਦੇਸ਼ ਦੇ ਨਾਟਕਕਾਰਾਂ ਨੂੰ ਧਾਰਮਿਕ ਵਿਸ਼ਿਆਂ ਸਬੰਧੀ ਨਾਟਕ ਲਿਖਣ ਸਮੇਂ ਅਤਿਅੰਤ ਕਠਿਨਾਈ ਦਾ ਸਾਹਮਣਾ ਕਰਨਾ ਪੈਂਦਾ ਹੈ। ਵਸਤੂ ਦੇ ਰੂਪ ਵਿੱਚ ਧਾਰਮਿਕ ਅਨੁਭਵ ਨਾਟਕੀ ਰੂਪ ਦੇ ਮੇਚ ਦੀ ਚੀਜ਼ ਨਹੀਂ ਹੈ। ਧਾਰਮਿਕ ਵਿਸ਼ਿਆਂ 'ਤੇ ਜਿੰਨੇ ਵੀ ਨਾਟਕਕਾਰਾਂ ਨੇ ਨਾਟਕ ਲਿਖੇ ਹਨ, ਉਹ ਸਫਲ ਨਹੀਂ ਹੋ ਸਕੇ। ਜੇ ਵਿਸ਼ੇ ਨੂੰ ਧਰਮ ਦੀ ਵਲਗਣ ਅੰਦਰ ਰਹਿਣ ਦਿੱਤਾ ਜਾਵੇ ਤਾਂ ਉਸ ਨੂੰ ਨਾਟਕ ਦੇ ਰੂਪ ਵਿੱਚ ਢਾਲਿਆ ਨਹੀਂ ਜਾ ਸਕਦਾ ਅਤੇ ਜੇ ਉਸ ਨੂੰ ਧਰਮ ਦੇ ਘੇਰੇ ਤੋਂ ਬਾਹਰ ਕੱਢ ਲਈਏ ਤਾਂ ਉਹ ਨਾਟਕ ਧਾਰਮਿਕ ਨਾਟਕ ਨਹੀਂ ਰਹਿੰਦਾ।[71]

ਸੋ ਧਾਰਮਿਕ ਨਾਟਕ ਨੂੰ ਲਿਖਣ ਵਿੱਚ ਭਾਵੇਂ ਕੋਈ ਔਕੜ ਨਹੀਂ ਆਉਂਦੀ, ਕਿਉਂਕਿ ਉਸ ਲਈ ਸਮੱਗਰੀ ਲੱਭਣ ਲਈ ਨਾਟਕਕਾਰ ਨੂੰ ਕੋਈ ਬਹੁਤਾ ਤਰੱਦਦ ਨਹੀਂ ਕਰਨਾ ਪੈਂਦਾ, ਪਰੰਤੂ ਜਿਥੋਂ ਤਕ ਮੰਚ-ਪ੍ਰਦਰਸ਼ਨ ਦਾ ਸਵਾਲ ਹੈ, ਉਥੇ ਬੜੇ ਸੁਚੇਤ ਰਹਿਣ ਦੀ ਲੋੜ ਹੈ। ਸਭ ਤੋਂ ਵੱਡੀ ਸਮੱਸਿਆ ਤਾਂ ਇਹ ਹੈ ਕਿ ਕੀ ਕਿਸੇ ਧਾਰਮਿਕ ਮਹਾ ਪੁਰਸ਼ ਦਾ ਸਟੇਜ ਉਤੇ ਪ੍ਰਵੇਸ਼ ਕਰਵਾਇਆ ਜਾਵੇ ਜਾਂ ਨਾ। ਆਰਥਰ ਬੀ. ਐਲਨ ਨੇ ਇਸ ਦਾ ਉੱਤਰ ਦਿੰਦਿਆਂ ਇਹ ਮਤ ਪ੍ਰਸਤੁਤ ਕੀਤਾ ਹੈ ਕਿ ਰੱਬ ਨੂੰ ਵਿਅਕਤੀ ਰੂਪ ਵਿੱਚ ਜਾਂ ਈਸਾ ਨੂੰ ਵਿਅਕਤੀ ਰੂਪ ਵਿੱਚ ਕਦੇ ਵੀ ਰੰਗਮੰਚ ਤੇ ਪੇਸ਼ ਕਰਨ ਦਾ ਯਤਨ ਨਹੀਂ ਕਰਨਾ ਚਾਹੀਦਾ।[72] ਉਸ ਅਨੁਸਾਰ ਅਜਿਹੇ ਹੋਰ ਕਈ ਢੰਗ ਹਨ, ਜਿਨ੍ਹਾਂ ਨੂੰ ਜੇਕਰ ਚੰਗੀ ਤਰ੍ਹਾਂ ਵਰਤੋਂ ਵਿੱਚ ਲਿਆਂਦਾ ਜਾਵੇ ਤਾਂ ਕੋਈ ਨਾਰਾਜ਼ਗੀ ਪੈਦਾ ਕੀਤੇ ਬਗੈਰ, ਬੜਾ ਜ਼ੋਰਦਾਰ ਪ੍ਰਭਾਵ ਪੈਦਾ ਕੀਤਾ ਜਾ ਸਕਦਾ ਹੈ। ਇਕ ਨਿਰਮਾਤਾ ਦਾ ਕੰਮ ਘੱਟ ਤੋਂ ਘੱਟ ਨਾਰਾਜ਼ਗੀ ਪੈਦਾ ਕੀਤੇ ਬਗ਼ੈਰ ਆਪਣੇ ਨਾਟਕ ਨੂੰ ਵੱਧ ਤੋਂ ਵੱਧ ਸ਼ਕਤੀਸ਼ਾਲੀ ਢੰਗ ਨਾਲ ਪੇਸ਼ ਕਰਨਾ ਹੁੰਦਾ ਹੈ।[73]

ਪੰਜਾਬੀ ਨਾਟਕਕਾਰਾਂ ਨੇ ਧਾਰਮਿਕ ਨਾਟਕ ਦੇ ਮੰਚ-ਪ੍ਰਦਰਸ਼ਨ ਦੀ ਇਸ ਚੁਣੌਤੀ ਨੂੰ ਸਵੀਕਾਰ ਕੀਤਾ ਹੈ, ਭਾਵੇਂ ਕਿ ਉਨ੍ਹਾਂ ਨੂੰ ਸਿੱਖ ਧਰਮ ਦੇ ਅਕੀਦੇ, ਵਿਸ਼ਵਾਸ ਅਤੇ ਰਵਾਇਤਾਂ ਇਹ ਆਗਿਆ ਨਹੀਂ ਦਿੰਦੀਆਂ ਕਿ ਸਿੱਖ ਗੁਰੂ ਸਾਹਿਬਾਨ ਬਾਰੇ ਨਾਟਕ ਲਿਖੇ ਜਾਣ ਜਾਂ ਉਨ੍ਹਾਂ ਨੂੰ ਵਿਅਕਤੀ-ਰੂਪ ਵਿੱਚ ਰੰਗਮੰਚ ਤੇ ਲਿਆਂਦਾ ਜਾਵੇ। ਸੋ ਪੰਜਾਬੀ ਨਾਟਕਕਾਰਾਂ ਨੇ ਇਸ ਸਭ ਕੁਝ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਅਤੇ ਕਿਸੇ ਪ੍ਰਕਾਰ ਦਾ ਕੋਈ ਧਾਰਮਿਕ ਵਿਰੋਧ ਪੈਦਾ ਕੀਤੇ ਬਗ਼ੈਰ ਬੜੇ ਸਫ਼ਲ ਨਾਟਕ ਲਿਖੇ ਅਤੇ ਖੇਡੇ ਹਨ। ਇਨ੍ਹਾਂ ਨਾਟਕਾਂ ਵਿੱਚੋਂ ਸਿੱਖ ਗੁਰੂ ਸਾਹਿਬਾਨ ਦੀ ਪੂਰਨ ਸ਼ਖ਼ਸੀਅਤ, ਉਨ੍ਹਾਂ ਨੂੰ ਮੰਚ 'ਤੇ ਲਿਆਉਣ ਤੋਂ ਬਗ਼ੈਰ ਹੀ, ਸਾਕਾਰ ਹੋਈ ਪ੍ਰਤੀਤ ਹੁੰਦੀ ਹੈ।

ਸੋ ਧਾਰਮਿਕ ਨਾਟਕ ਦੇ ਮੰਚ-ਪ੍ਰਦਰਸ਼ਨ ਵੇਲੇ ਬੜੇ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ। ਸਥਾਨਿਕ ਪਰਿਸਥਿਤੀਆਂ ਅਤੇ ਸਥਾਨਿਕ ਪ੍ਰਤਿਭਾਵਾਂ ਨੂੰ ਕਦੇ ਵੀ ਅੱਖੋਂ ਉਹਲੇ ਨਹੀਂ

ਕੀਤਾ ਜਾਣਾ ਚਾਹੀਦਾ[74], ਕਿਉਂਕਿ ਧਾਰਮਿਕ ਨਾਟਕ ਜੇਕਰ ਸਮਝਦਾਰੀ ਨਾਲ ਖੇਡਿਆ ਜਾਵੇ ਤਾਂ ਇਕ ਗੰਭੀਰ ਸਿੱਖਿਅਕ ਸਾਬਤ ਹੁੰਦਾ ਹੈ ਅਤੇ ਜੇ ਇਸ ਨੂੰ ਬੇਸਮਝੀ ਨਾਲ ਖੇਡਿਆ ਜਾਵੇ ਤਾਂ ਇਹ ਇਕ ਭਿਆਨਕ ਪ੍ਰਤਿਕਰਮ ਵੀ ਪੈਦਾ ਕਰ ਸਕਦਾ ਹੈ।[75]

ਹਵਾਲੇ ਅਤੇ ਟਿੱਪਣੀਆਂ

1. Nicoll, Allardyce, The Theory of Drama, Delhi, Doaba House, 1969, P 9.
2. Boulton, Marjorie, The Anatomy of Drama, London, Routledge & Kegan Paul Ltd. 1960, P.3.
3. Priestley, J.B. The Art of the Dramatist, London, Williams Heinemann Ltd. 1957, P. 3.
4. Evans, Ifor, A Short History of English Literature, London, The English Language Book Society, 1970, P. 127.
5. ਸੇਖੋਂ, ਸੰਤ ਸਿੰਘ, ਨਾਟਕ ਕਲਾ ਤੇ ਮੇਰਾ ਅਨੁਭਵ, ਭਾਸ਼ਾ ਵਿਭਾਗ, ਪੰਜਾਬ, 1978, ਪੰਨਾ 108
6. ਵੇਖੋ ਭਰਤਮੁਨੀ ਦਾ ਨਾਟ-ਸ਼ਾਸਤਰ (ਪੰਜਾਬੀ ਅਨੁਵਾਦ) ਅਨੁਵਾਦਕ ਗੁਰਚਰਨ ਸਿੰਘ (ਪ੍ਰੋ.) ਪੰਜਾਬੀ ਦੁਨੀਆ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, ਅਗਸਤ 1961, ਪੰਨਾ 25.
7. Encyclopeadia Britannica, Vol. 7, 1953, P. 576
8. Styan, J. L. The Elements of Drama, Combridge University Press, 1960, P. 2.
9. Mathews, Brander, A Study of Drama, Boston, Houghton Mifflin Co. 1919, P. 3
10. Harbans Singh, Joshi, Lal Mani, An Introduction to Indian Religions, Patiala, Punjabi University, 1973, P 1.
11. ਫੁੱਲ, ਗੁਰਦਿਆਲ ਸਿੰਘ (ਡਾ.) ਰੰਗ ਮੰਚ ਕਲਾ, ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, ਪੰਨਾ 9-10
12. ਉਹੀ, ਪੰਜਾਬੀ ਇਕਾਂਗੀ ਦੇ ਸੋਮੇ ਤੇ ਜਨਮ, ਪੰਜਾਬੀ ਦੁਨੀਆ, ਭਾਸ਼ਾ ਵਿਭਾਗ ਪੰਜਾਬ, ਨਵੰਬਰ, 1961, ਪੰਨਾ 23.
13. ਤਰਲੋਚਨ ਸਿੰਘ (ਡਾ.) ਨਾਟਕ ਕਲਾ ਦਾ ਆਰੰਭ, ਸਾਹਿਤ ਸਮਾਚਾਰ, ਨਾਟਕ ਅੰਕ, ਲੁਧਿਆਣਾ, ਲਾਹੌਰ ਬੁੱਕ ਸ਼ਾਪ, ਪੰਨਾ 5-6.
14. ਘੁੰਮਣ, ਕਪੂਰ ਸਿੰਘ, ਮੁਖਬੰਧ, ਗੁਰੂ ਨਾਨਕ ਨਾਟ-ਅਧਿਐਨ, ਅੰਮ੍ਰਿਤਸਰ,

ਅਮੋਲ ਸਾਹਿਤ ਪ੍ਰਕਾਸ਼ਨ, ਪੰਨਾ 5.
15. ਗੁਰਦਿਆਲ ਸਿੰਘ ਫੁੱਲ, ਕੁਲਦੀਪ ਸਿੰਘ ਸੇਠੀ, ਨਾਟਕ ਸਿਧਾਂਤ ਤੇ ਪੰਜਾਬੀ ਨਾਟਕਕਾਰ, ਅੰਮ੍ਰਿਤਸਰ, ਕੁਲਦੀਪ ਪ੍ਰੈਸ, 1957, ਪੰਨਾ 16 ਉੱਤੇ ਪ੍ਰਕਾਸ਼ਿਤ ਸੁਰਜੀਤ ਸਿੰਘ ਸੇਠੀ ਦੁਆਰਾ ਆਪਣੀ ਮਿੱਤਰ ਨਲਿਨੀ ਨੂੰ ਲਿਖੀ ਚਿੱਠੀ ਵਿੱਚੋਂ।
16. Encyclopedia Britannica, Vol. 7, 1953, P. 576
17. ਹਰਚਰਨ ਸਿੰਘ (ਡਾ.) ਨਾਟਕ ਕਲਾ ਤੇ ਹੋਰ ਲੇਖ, ਪਟਿਆਲਾ, ਪੈਪਸੂ ਬੁੱਕ ਡੀਪੂ, 1972, ਪੰਨਾ 14।
18. Boultion, Marjorie, The Anatomy of Drama, London, Routledge & Kegan Paul Ltd. 1960, P. 194.
19. Encyclopedia Britannica, Vol. 7,1953, P. 578.
20. Quoted by Marvin Halveson in his book Religious Drama, New York, Merdian Books Inc. P. 7
21. ਹਰਚਰਨ ਸਿੰਘ (ਡਾ.) ਮਿੱਟੀ ਧੁੰਧੁ ਜਗਿ ਚਾਨਣ ਹੋਆ, ਅੰਮ੍ਰਿਤਸਰ, ਸਿੰਘ ਬ੍ਰਦਰਜ਼, 1969, ਪਾਠਕਾਂ ਨਾਲ ਦੋ ਗੱਲਾਂ, ਪੰਨਾ 12.
22. John Hammerton, Sir, Practical Knowlede For All, Vol. I, 98. Quoted by Amar Atamjit Singh (Prof.) in his book Guru Nanak, Nat-Adhyan Amritsar, Amol Sahyt Parkashan, P. 14
23. ਪੰਜਾਬੀ ਸਾਹਿਤ ਕੋਸ਼, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਭਾਗ ਪਹਿਲਾ, 1971, ਪੰਨਾ 316
24. ਭਰਤ ਮੁਨੀ ਦਾ ਨਾਟ-ਸ਼ਾਸਤਰ (ਪੰਜਾਬੀ ਅਨੁਵਾਦ) ਅਨੁਵਾਦਕ ਗੁਰਚਰਨ ਸਿੰਘ (ਪ੍ਰੋ.) ਪੰਜਾਬੀ ਦੁਨੀਆ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, ਅਗਸਤ, 1961, ਪੰਨਾ 17.
25. ਪੰਜਾਬੀ ਸਾਹਿਤ ਕੋਸ਼, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਭਾਗ ਪਹਿਲਾ, 1971, ਪੰਨਾ 316.
26. ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ, ਸਾਹਿਤ ਦੇ ਰੂਪ, ਲੁਧਿਆਣਾ, ਸਾਹਿਤ ਸੰਗਮ, ਪੰਨਾ 46
27. Keith, A.B. The Sanskrit Drama, Bombay, Oxford University Press, 1960, P. 16.
28. ਅਹੂਜਾ, ਰੋਸ਼ਨ ਲਾਲ (ਡਾ.) ਸੰਸਕ੍ਰਿਤ ਨਾਟਕ ਦਾ ਸਰਵੇਖਣ, ਲੁਧਿਆਣਾ, ਲਾਹੌਰ ਬੁੱਕ ਸ਼ਾਪ, ਪੰਨਾ 17-18
29. Faubion Bowers, The Theatre in the East, New York, Thomas Nelson & Sons, P. 4.

30. Ibid, P.7.
31. Encyclopeadia Britannica, Vol 7, 1953, P. 1984
32. Faubion Bowers, Theatre in the East, New York, Thomas Nelson & Sons, P. 329.
33. Ibid, P. 275.
34. Ibid, 101
35. Ibid, 105
36. ਅਹੂਜਾ, ਰੋਸ਼ਨ ਲਾਲ (ਡਾ.) ਸੰਸਕ੍ਰਿਤ ਨਾਟਕ ਦਾ ਸਰਵੇਖਣ, ਲੁਧਿਆਣਾ, ਲਾਹੌਰ ਬੁੱਕ ਸ਼ਾਪ, ਪੰਨਾ 17।
37. Faubion Bowers, The Thearter in the East, New York, Thomas & Nelson & Sons, P.111.
38. Ibid, P. 112.
39. Ibid, 265.
40. ਨੂਰ ਇਨਾਹੀ ਅਤੇ ਮੁਹੰਮਦ ਉਮਰ, ਨਾਟਕ ਸਾਗਰ (ਪੰਜਾਬੀ ਅਨੁਵਾਦ) ਅਨੁਵਾਦਕ ਕੁੰਦਨ ਸਿੰਘ, ਭਾਸ਼ਾ ਵਿਭਾਗ, ਪੰਜਾਬ, 1963, ਪੰਨਾ 127.
41. Encyclopedia Britannica ,Vol. 5. 1977, P. 983.
42. ਪੁੰਨੀ, ਅਮਰੀਕ ਸਿੰਘ, ਸਿਰਜਣਾ ਤੇ ਸਮੀਖਿਆ, ਨਵੀਂ ਦਿੱਲੀ, ਵਰਤਮਾਨ ਪ੍ਰਕਾਸ਼ਨ 1976, ਪੰਨਾ 111
43. ਉਹੀ, ਪੰਨਾ 111
44. Encyclopedia Britannica (Micropaedia) Vol. II, 1977, P. 889
45. ਪੁੰਨੀ, ਅਮਰੀਕ ਸਿੰਘ, ਉਹੀ, ਪੰਨਾ 111
46. Bowskill, Derek, All About Theatre, London, W.H. Allen, 1975, P. 15.
47. Nicoll, Allardyce, World Drama, London, George G. Harrap & Co. Ltd., 1959, P. 25.
48. Baldry, H.C., The Greek Tragic Theatre, London, Chalto & Windus, 1971, P. 17
49. Nicoll, Allardyce, British Drama, London, George G. Harrap & Co. Ltd., 17.
50. Ibid, P. 17.
51. ਈਸਾਈ ਧਰਮ ਵਿੱਚ ਤ੍ਰੈਮੂਰਤੀ ਦੇ ਉਤਸਵ ਮਗਰੋਂ ਵੀਰਵਾਰ ਵਾਲੇ ਦਿਨ ਮਣਾਇਆ ਜਾਂਦਾ ਰੱਬੀ ਭੋਜ ਉਤਸਵ, ਵੇਖੋ Chamber's Twentieth Century Dictionary, New Delhi, Allied Publishers Pvt.Ltd.

www.punjabilibrary.com

1968, P. 237.
52. Evans, Ifor, A Short History of English Literature, Great Britain, The English Language Book Society 1970, P. 131.
53. Trivedi, R.D. A compendious History of English Literature, Delhi, Vikas House, Pvt. Ltd. 1976, P. 90.
54. ਪੈਸ਼ਨ ਪਲੇਜ਼ ਈਸਾ ਦੁਆਰਾ ਉਠਾਏ ਕਸ਼ਟਾਂ ਅਤੇ ਉਸ ਦੀ ਮੌਤ ਦੇ ਵਿਸ਼ੇ ਨਾਲ ਸਬੰਧ ਰੱਖਦੇ ਹਨ। ਮਿਸਟਰੀ ਜਾਂ ਮਿਰੇਕਲ ਪਲੇਜ਼ ਬਾਈਬਲ ਵਿੱਚ ਵਰਣਿਤ ਇਤਿਹਾਸਕ ਘਟਨਾਵਾਂ ਜਾਂ ਗਾਥਾਵਾਂ ਨਾਲ ਸਬੰਧ ਰੱਖਦੇ ਹਨ। ਵੇਰਵੇ ਲਈ ਵੇਖੋ Chamber's Twentieth Century Dictionary, New Delhi, Allied Publishers Pvt.Ltd. 1968, P. 677 and 789.
55. Evans, Ifors, A Short History of English Literature, Great Britain, The English Book Society, 1970, P. 132.
56. Allen, Arthur, B., Religious Drama for Amateur Players, London Faber and Faber, 1958, P. 25
57. Encyclopedia Britannica, Vol. 7, 1953, P. 606.
58. Ibid, P. 608
59. Ibid, 610
60. Ibid, 614-615
61. Walter Sorell, Drama and the Church, Span, Sept. 1965, P. 11.
62. Ibid, 11.
63. Batti, Ugo, Religion and The Theatre-Modern Drama (Ed.) Travis Bogard & Williams I. Oliver London, Oxford Univesity Press, 1971, P. 45.
64. Lewis, Allen, American Plays and Play wrights of the contemporary Theatre (Revised Edition), New York, Crown Publishers Inc. 1970, P. 116
65. Ibid, P. 117
66. Ibid, P.117
67. Una Ellis-Fermor, The Frontiers of Drama, London, Methun & Co. Ltd. 1967, P. 19-20.
68. Kitto, H.D.F. Form and Meaning in Drama, London, Metheun & Co. Ltd. 1956, P. 238.

69. Ibid, P. 238.
70. Allen Arthur, B. Religious Drama For Amateur Players, London, Faber & Faber, 1958. P. 13.
71. Una Ellis-Fermor, The Frontiers of Drama, London, Metheun & Co. Ltd. 1967. P. 11.
72. Allen, Arthur B, Religious Drama Fro Amateur Player, London, Faber and Faber, 1958, P. 12.
73. Ibid, P. 13
74. Ibid, P. 11.
75. Ibid, P.13.

ਇਹ ਨਾਟਯ-ਵੇਦ ਮੈਂ ਦੇਵਤਿਆਂ ਤੇ ਦੈਂਤਾਂ ਦੋਹਾਂ ਦੇ ਕਲਿਆਨ ਲਈ ਬਣਾਇਆ ਹੈ। ਸ਼ੁਭ ਕਰਮਾਂ ਦਾ ਫਲ ਸ਼ੁਭ ਅਤੇ ਅਸ਼ੁਭ ਕਰਮਾਂ ਦਾ ਫਲ ਅਸ਼ੁਭ ਹੁੰਦਾ ਹੈ। ਇਸ ਸਚਾਈ ਨੂੰ ਨਾਟਕ ਰਾਹੀਂ ਦਿਖਾਉਣਾ ਸਾਡਾ ਮਨੋਰਥ ਹੈ। ਦੇਵਤਿਆਂ ਤੇ ਦੈਂਤਾਂ ਦੇ ਕੀਤੇ ਕੰਮਾਂ ਤੋਂ, ਉਨ੍ਹਾਂ ਦੇ ਭਾਵਾਂ ਤੋਂ ਅਤੇ ਉਨ੍ਹਾਂ ਦੋਹਾਂ ਦੇ ਪੁਰਾਣੇ ਇਤਿਹਾਸ ਤੋਂ ਲੋਕਾਂ ਨੂੰ ਸਿੱਖਿਆ ਦੇਣ ਲਈ ਅਸਾਂ ਨਾਟਯ-ਵੇਦ ਦੀ ਰਚਨਾ ਕੀਤੀ ਹੈ। ਨਾਟਯ-ਵੇਦ ਦੀ ਰਚਨਾ ਕਿਸੇ ਧਰਮ ਜਾਂ ਸੰਪਰਦਾਇ ਜਾਤ ਪਾਤ ਨੂੰ ਮੁਖ ਰੱਖ ਕੇ ਨਹੀਂ ਕੀਤੀ ਗਈ, ਸਗੋਂ ਸਾਰੇ ਸੰਸਾਰ ਦੇ ਸਾਰੇ ਲੋਕਾਂ ਲਈ ਇਸ ਦੀ ਰਚਨਾ ਹੋਈ ਹੈ।....ਨਾਟਕ ਵਿੱਚ ਮਨੁੱਖੀ ਜੀਵਨ ਦੀਆਂ ਸਾਰੀਆਂ ਪ੍ਰਸਥਿਤੀਆਂ ਤੇ ਅਵਸਥਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਨਾਟਯ-ਸ਼ਾਸਤ੍ਰ ਨੇ ਇਸ ਸਚਾਈ ਨੂੰ ਸਾਹਮਣੇ ਰੱਖ ਕੇ ਨਾਟਕ ਦੀ ਰਚਨਾ ਅਤੇ ਉਸ ਦਾ ਅਭਿਨੈ ਕਰਨ 'ਤੇ ਬਲ ਦਿੱਤਾ ਹੈ।

—ਭਰਤ ਮੁਨੀ-ਨਾਟਯ ਸ਼ਾਸਤ੍ਰ

(ਅਨੁ: ਡਾ. ਜੀ. ਐੱਨ. ਰਾਜਗੁਰੂ)

ਸੁੱਤੀ ਕੌਮ ਨੂੰ ਕਿਸੇ ਜਗਾਇਆ
ਤਾਂ ਜਗਾਇਆ ਸ਼ਹੀਦਾਂ ਨੇ।
ਪਰਚਮ ਆਜ਼ਾਦੀ ਦਾ ਲਹਿਰਾਇਆ
ਤਾਂ ਲਹਿਰਾਇਆ ਸ਼ਹੀਦਾਂ ਨੇ।
ਦੇਸ਼ ਅਤੇ ਕੌਮ ਦੀ ਸ਼ਾਨ ਬਦਲੇ
ਕਿਵੇਂ ਮਰ ਮਿਟਦੇ ਨੇ ਯੋਧੇ,
ਇਹ ਸਬਕ ਜੇ ਸਾਨੂੰ ਸਿਖਾਇਆ
ਤਾਂ ਸਿਖਾਇਆ ਸ਼ਹੀਦਾਂ ਨੇ।

ਬੇਗਮ ਸੈਨਾ

(ਇਤਿਹਾਸਕ ਨਾਟਕ)

ਪਾਤਰ:

ਬੇਗਮ ਜ਼ੈਨਾ
ਨਵਾਬ ਵਜ਼ੀਰ ਖਾਂ
ਮੁੱਲਾਂ ਜ਼ਹੀਰੁੱਦੀਨ
ਕਾਜ਼ੀ ਰੁਕਨਦੀਨ
ਦੀਵਾਨ ਸੁੱਚਾ ਨੰਦ
ਵਜ਼ੀਰ
ਮੁਫ਼ਤੀ
ਅਮੀਰ ਰਫ਼ੀਉਦੀਨ
ਨਵਾਬ ਮਲੇਰਕੋਟਲਾ
ਸ਼ਹਾਬੁਦੀਨ
ਚੋਬਦਾਰ
ਦਰਬਾਰੀ
ਗੋਲੀਆਂ/ਦਾਸੀਆਂ

ਅੰਕ ਪਹਿਲਾ

ਸਥਾਨ: ਸੂਬਾ ਸਰਹੰਦ ਦੇ ਨਵਾਬ ਵਜ਼ੀਰ ਖਾਂ ਦਾ ਸ਼ਾਹੀ ਮਹੱਲ। ਪਟਰਾਣੀ ਬੇਗ਼ਮ ਜ਼ੈਨਾ ਦਾ ਕਮਰਾ। ਸਮਾਂ ਰਾਤ ਦਾ।

ਕਮਰਾ ਸ਼ਾਹਾਨਾ ਠਾਠ ਨਾਲ ਸਜਿਆ ਹੋਇਆ ਹੈ। ਬੇਗਮ ਉਦਾਸੀ ਦੀ ਮੁਦਰਾ ਵਿੱਚ ਪਲੰਘ 'ਤੇ ਬੈਠੀ ਹੋਈ ਹੈ। ਇਕ ਕਨੀਜ਼ ਇਜਾਜ਼ਤ ਲੈ ਕੇ ਅੰਦਰ ਆਉਂਦੀ ਹੈ ਤੇ ਬੇਗਮ ਦੇ ਕੰਨ ਵਿੱਚ ਕੁਝ ਕਹਿ ਕੇ ਚਲੀ ਜਾਂਦੀ ਹੈ। ਬੇਗਮ ਯਕਦਮ ਪਲੰਘ ਤੋਂ ਉੱਠਦੀ ਹੈ ਤੇ ਕਮਰੇ ਵਿੱਚ ਉਦਾਸੀ ਤੇ ਗੁੱਸੇ ਨਾਲ ਭਰੀ ਇਧਰ ਉਧਰ ਚੱਕਰ ਲਗਾਉਂਦੀ ਹੈ ਤੇ ਕੁਝ ਬੋਲਦੀ ਜਾਂਦੀ ਹੈ। ਉਸ ਦਾ ਗੱਚ ਭਰ ਜਾਂਦਾ ਹੈ। ਅੱਖਾਂ ਵਿੱਚ ਅੱਧਰੂ ਆ ਜਾਂਦੇ ਹਨ।

ਬੇਗਮ : ਨਵਾਬ ਨੇ ਇਹ ਕੀ ਕੀਤਾ? ਜ਼ੁਲਮ ਕੀਤਾ ਹੈ, ਉਸ ਨੇ। ਇਹ ਪਾਪ ਕਰਦਿਆਂ ਉਸ ਨੇ ਜ਼ਰਾ ਨਹੀਂ ਸੋਚਿਆ ਕਿ ਇਸ ਪਾਪ ਨੂੰ ਕਰਨ ਦੇ ਕੀ ਸਿੱਟੇ ਨਿਕਲਣਗੇ। ਇਹ ਰਾਜ ਭਾਗ, ਤਖ਼ਤੋ ਤਾਜ ਸਭ ਬਰਬਾਦ ਹੋ ਜਾਵੇਗਾ। ਇਹ ਹਕੂਮਤ, ਇਹ ਧਨ ਦੌਲਤ, ਸਭ ਖ਼ਤਮ ਹੋ ਜਾਵੇਗਾ। ਉਸ ਦੀ ਇਹ ਚਾਲ ਉਲਟੀ ਪਵੇਗੀ। ਕੁਝ ਵੀ ਬਾਕੀ ਨਹੀਂ ਬਚੇਗਾ। ਉਹ ਕਿਸੇ ਮਨੁੱਖ ਨਾਲ ਨਹੀਂ, ਸਗੋਂ ਰੱਬ ਨਾਲ ਟੱਕਰ ਲੈ ਰਿਹਾ ਹੈ।

(ਗੋਲੀਆਂ ਨੂੰ ਆਵਾਜ਼ ਮਾਰਦੀ ਹੋਈ)

ਨੀ! ਕਿਥੇ ਹੋ ਤੁਸੀਂ ਸਾਰੀਆਂ? ਜਾਉ, ਛੇਤੀ ਜਾਉ ਤੇ ਨਵਾਬ ਨੂੰ ਸੱਦ ਲਿਆਉ। ਮੈਂ ਬੜੀ ਬੇਤਾਬ ਹਾਂ, ਮੈਥੋਂ ਹੁਣ ਕੁਝ ਵੀ ਨਹੀਂ ਜਰਿਆ ਜਾਂਦਾ। ਇਹ ਕੁਕਰਮ ਉਹ ਨਾ ਕਰੇ, ਰੋਕੋ! ਤੁਰਤ ਉਸ ਨੂੰ.....। ਕਮਾਨੋਂ ਨਿਕਲਿਆ ਤੀਰ ਤੇ ਹੱਥੋਂ ਛੁੱਟਿਆ ਬਾਜ ਬੜੀ ਮੁਸ਼ਕਲ ਨਾਲ ਹੀ ਵਾਪਸ ਆਉਂਦਾ ਹੈ। ਜਾਉ, ਛੇਤੀ ਜਾਉ ਤੇ ਨਵਾਬ ਨੂੰ ਮੇਰੇ ਕੋਲ ਸੱਦ ਲਿਆਉ। ਮੈਂ ਮਰ ਜਾਵਾਂ। ਇਹ ਕੀ ਕੁਕਰਮ ਹੋਣ ਲੱਗਾ ਏ। ਇਹ ਕੀ ਪਾਪ ਹੋਣ ਲੱਗਾ ਏ। ਮੈਂ ਕਿਥੇ ਜਾਵਾਂ। ਕਿਹਨੂੰ ਦਿਲ ਦਾ ਦੁੱਖ ਸੁਣਾਵਾਂ? ਇਥੇ ਕੋਈ ਨਹੀਂ ਮੇਰੀ ਸੁਣਨ

www.punjabilibrary.com

ਵਾਲਾ। ਹਾਇ ਮੇਰਿਆ ਰੱਬਾ! ਤੂੰ ਰਹਿਮ ਕਰ, ਦਇਆ ਕਰ, ਮੈਨੂੰ ਬਖ਼ਸ਼ ਲੈ।

(ਅਚਾਨਕ ਨਵਾਬ ਆਪ ਹੀ ਆ ਜਾਂਦਾ ਹੈ)

ਨਵਾਬ : ਮੇਰੀ ਪਿਆਰੀ ਜ਼ੈਨਾ, ਮੇਰੀ ਬੇਗਮ, ਮੇਰੀ ਲਾਡੋ! ਕੀ ਹੋਇਆ ਏ ਤੈਨੂੰ? ਕਿਸੇ ਕਨੀਜ਼ ਨੇ ਕੋਈ ਗੁਸਤਾਖੀ ਕੀਤੀ ਹੈ, ਜਾਂ ਕਿਸੇ ਹੋਰ ਨੇ ਤੈਨੂੰ ਕੁਝ ਕਿਹਾ ਹੈ? ਤੇਰੇ ਚਿਹਰੇ ਦਾ ਗੁਲਾਬ ਕਿਉਂ ਮੁਰਝਾ ਗਿਆ ਏ? ਤੇਰੇ ਚਿਹਰੇ 'ਤੇ ਇਹ ਉਦਾਸੀ ਤੇ ਬੇਰੌਣਕੀ ਕਿਸ ਕਾਰਨ? ਮੈਨੂੰ ਦੱਸ ਤਾਂ ਸਹੀ, ਗੱਲ ਕੀ ਹੈ? ਤੂੰ ਐਨੀਂ ਬੇਚੈਨ ਕਿਉਂ ਏਂ? ਦਿਲ ਦੀ ਘੁੰਡੀ ਖੋਲ੍ਹ ਤੇ ਸਾਰੀ ਗੱਲ ਮੈਨੂੰ ਦੱਸ। ਦੱਸ, ਛੇਤੀ ਦੱਸ ਤੂੰ ਤਾਂ ਸਗੋਂ ਮੈਨੂੰ ਵੀ ਚਿੰਤਾ ਵਿੱਚ ਪਾ ਦਿੱਤਾ ਹੈ।

ਬੇਗਮ : ਸੁਣੋ ਨਵਾਬ ਸਾਹਿਬ! ਮੈਨੂੰ ਕਿਸੇ ਨੇ ਕੋਈ ਮੰਦਾ ਨਹੀਂ ਬੋਲਿਆ। ਮੇਰੇ ਮਨ ਦੀ ਸ਼ਾਂਤੀ ਨੂੰ ਤਾਂ ਚਿੰਤਾ ਦੀ ਡਾਇਣ ਨੇ ਘੇਰਿਆ ਹੋਇਆ ਹੈ। ਕੀ ਦੱਸਾਂ? ਹੱਸ ਛੱਡੋਗੇ ਮੇਰੀ ਗੱਲ 'ਤੇ। ਟਾਲ ਦਿਉਗੇ ਮੇਰੀ ਗੱਲ ਨੂੰ, ਮਾਮੂਲੀ ਸਮਝ ਕੇ। ਕਹਿੰਦੇ ਨੇ ਬੱਚੇ, ਨੌਕਰ ਅਤੇ ਇਸਤਰੀ ਦੀ ਗੱਲ ਤੇ ਕੌਣ ਇਤਬਾਰ ਕਰਦਾ ਏ। ਇਨ੍ਹਾਂ ਦਾ ਆਖਿਆ ਕੌਣ ਮੰਨਦਾ ਹੈ?

ਨਵਾਬ : ਮੇਰੀ ਬੇਗਮ, ਮੇਰੀ ਜਾਨ! ਤੇਰੇ ਉੱਤੋਂ ਸਦ ਕੁਰਬਾਨ। ਤੂੰ ਦੱਸ ਤਾਂ ਸਹੀ ਅਸਲ ਗੱਲ ਕੀ ਏ? ਤੇਰਾ ਕਿਹਾ ਮੈਂ ਕਦੇ ਨਹੀਂ ਟਾਲਿਆ। ਤੈਨੂੰ ਜਾਨ ਤੋਂ ਵੱਧ ਪਿਆਰੀ ਸਮਝਿਆ ਏ। ਮੈਂ ਤੇਰੀ ਹਰ ਖ਼ੁਸ਼ੀ ਦਾ ਹਰ ਵੇਲੇ ਧਿਆਨ ਰੱਖਿਆ ਹੈ। ਤੇਰੀ ਇਹ ਹਾਲਤ ਵੇਖ ਕੇ ਮੈਨੂੰ ਬੜੀ ਹੈਰਾਨੀ ਹੋਈ ਹੈ। ਸਭ ਗਿਲੇ ਸ਼ਿਕਵੇ ਛੱਡ ਕੇ ਮੈਨੂੰ ਆਪਣੇ ਦਿਲ ਦੀ ਗੱਲ ਦੱਸ; ਤੈਨੂੰ ਇਸ ਹਾਲਤ ਵਿੱਚ ਵੇਖ ਕੇ ਸਗੋਂ ਮੈਨੂੰ ਘਬਰਾਹਟ ਹੋਣ ਲੱਗ ਗਈ ਹੈ। ਮੇਰੀ ਪਿਆਰੀ ਡਰ ਨਾ, ਛੇਤੀ, ਛੇਤੀ ਦੱਸ ਮੈਨੂੰ।

ਬੇਗਮ : ਸੁਣੋ ਨਵਾਬ ਜੀ! ਮੈਂ ਘਰ ਬਾਰ ਦੀਨ ਧਰਮ ਸਭ ਤੇਰੇ ਲਈ ਛੱਡੇ। ਸਾਕ ਸਬੰਧੀ ਸਭ ਮੈਥੋਂ ਦੂਰ ਹੋ ਗਏ। ਸਭ ਹਾਰ ਸ਼ਿੰਗਾਰ ਭੁੱਲ ਕੇ ਤੈਨੂੰ ਆਪਣਾ ਹਾਰ ਸ਼ਿੰਗਾਰ ਬਣਾ ਲਿਆ। ਮੇਰਾ ਰਾਮ ਵੀ ਤੂੰ, ਮੇਰਾ ਅੱਲਾ ਵੀ ਤੂੰ। ਤੇਰੇ ਤੋਂ ਵਿਛੜਨਾ ਮੱਛੀ ਦੀ ਮੌਤ ਮਰਨਾ ਹੈ, ਮੇਰੇ ਵਾਸਤੇ। ਤੂੰ ਮੇਰਾ ਪਤੀ, ਮੇਰਾ ਖ਼ੁਦਾ, ਮੇਰਾ ਸਭ ਕੁਝ ਤੂੰ ਹੀ ਹੈਂ। ਜੇ ਤੂੰ ਟਾਹਣੀ ਹੈਂ ਤਾਂ ਮੈਂ ਉਸ ਉੱਤੇ ਲਟਕਦਾ ਇਕ ਪਤਾ ਹਾਂ। ਤੇਰੇ ਬਗ਼ੈਰ ਮੇਰਾ ਕੌਣ ਹੈ? ਪਰ ਤੂੰ ਇਹ ਕੀ ਜ਼ੁਲਮ ਕਰਨ ਜਾ ਰਿਹਾ ਹੈਂ। ਆਪਣੇ ਆਮ ਨੂੰ ਭੱਠੀ ਵਿੱਚ ਝੋਂਕ ਰਿਹਾ ਹੈਂ।

ਕਿਉਂ ਮੌਤ ਨਾਲ ਖੇਡਣ ਲਗ ਹੈਂ। ਤੈਨੂੰ ਕਿੰਨੇ ਮਾੜੇ ਸਲਾਹਕਾਰ ਮਿਲੇ ਨੇ, ਜੋ ਤੈਨੂੰ ਪੁੱਠੀਆਂ ਪੱਟੀਆਂ ਪੜ੍ਹਾ ਰਹੇ ਹਨ। ਇਨ੍ਹਾਂ ਦੀਆਂ ਜੀਭਾਂ ਮਿੱਠੀਆਂ ਤੇ ਦਿਲ ਜ਼ਹਿਰ ਨਾਲ ਭਰੇ ਹੋਏ ਹਨ। ਮਾੜੀ ਸਲਾਹ ਤੇ ਨਿੰਦਾ ਚੁਗ਼ਲੀ ਮਹੱਲਾਂ ਨੂੰ ਢਾਹ ਢੇਰੀ ਕਰ ਕੇ ਖੰਡਰ ਬਣਾ ਦਿੰਦੀ ਹੈ। ਸਭ ਕੁਝ ਨੇਸਤੋ ਨਾਬੂਦ ਕਰ ਦਿੰਦੀ ਹੈ। ਜ਼ਰਾ ਹੋਸ਼ ਕਰ, ਤੂੰ ਕੀ ਕਰਨ ਲੱਗਾ ਹੈਂ?

ਨਵਾਬ : (ਜ਼ਰਾ ਤਿੱਖਾ ਹੋ ਕੇ) ਕੀ ਬੁਝਾਰਤਾਂ ਪਾ ਰਹੀ ਏਂ, ਖੁੱਲ੍ਹ ਕੇ ਗੱਲ ਕਰ। ਕਿੰਨੀ ਰਾਤ ਬੀਤ ਗਈ ਹੈ ਤੇ ਤੂੰ ਅਜੇ ਤਕ ਬੁਝਾਰਤਾਂ ਪਾਈ ਜਾ ਰਹੀ ਏਂ? ਖੁੱਲ੍ਹ ਕੇ ਗੱਲ ਕਿਉਂ ਨਹੀਂ ਕਰਦੀ? ਰੱਬ ਦੇ ਵਾਸਤੇ ਖੁੱਲ੍ਹ ਕੇ ਗੱਲ ਕਰ। ਤੇਰੀ ਉਦਾਸੀ ਨੇ ਤਾਂ ਮੈਨੂੰ ਵੀ ਘੋਰ ਉਦਾਸ ਕਰ ਦਿੱਤਾ ਹੈ। ਮੇਰੀ ਤਾਂ ਸਗੋਂ ਘਬਰਾਹਟ ਵਧਦੀ ਜਾ ਰਹੀ ਏ।

ਬੇਗਮ : ਨਵਾਬ ਸਾਹਿਬ! ਤੁਸੀਂ ਭੋਲੇ ਹੋ। ਤੁਹਾਨੂੰ ਤਾਂ ਬਿੱਛੂ ਦੇ ਡੰਗ ਦਾ ਇਲਾਜ ਨਹੀਂ ਕਰਨਾ ਆਉਂਦਾ ਤੇ ਤੁਸੀਂ ਸੱਪਾਂ ਨਾਲ ਖੇਡਾਂ ਖੇਡ ਰਹੇ ਹੋ, ਤੂੰ ਸਿੱਖਾਂ ਨਾਲ ਮੱਥਾ ਲਗਾ ਰਿਹਾ ਹੈਂ? ਭੇਡ ਦੇ ਲੇਲੇ ਵਾਂਗ ਮਾਰਿਆ ਜਾਵੇਂਗਾ। ਇਹ ਸਾਰੇ ਹਾਲਾਤ ਤੂੰ ਹੀ ਪੈਦਾ ਕੀਤੇ ਹਨ। ਮੈਂ ਤਾਂ ਇਕ ਅਬਲਾ ਨਾਰੀ ਹਾਂ। ਮੇਰਾ ਤੇਰੇ ਅੱਗੇ ਕੀ ਜ਼ੋਰ! (ਉਪਰ ਵੱਲ ਨੂੰ ਤੱਕ ਕੇ) ਹੇ ਰੱਬਾ ਮੇਰਿਆ! ਐਸੀ ਬਿਜਲੀ ਗਿਰਾ; ਇਸ ਨਵਾਬ ਦੇ ਮੁਸਾਹਿਬਾਂ ਸਲਾਹਕਾਰਾਂ 'ਤੇ। ਇਹ ਧਰਤੀ ਫਟ ਜਾਏ ਤੇ ਬੁਰਾ ਬੀਜਣ ਵਾਲੇ ਕਾਜ਼ੀ ਇਸ ਵਿੱਚ ਦਫ਼ਨ ਹੋ ਜਾਣ। ਐਸਾ ਕੋਈ ਤੂਫਾਨ ਆਏ ਕਿ ਸਾਰੇ ਸੂਹੀਏ, ਜਸੂਸ ਤੇ ਲੂਤੀਬਾਜ਼ ਸਭ ਖ਼ਾਕ ਵਿੱਚ ਮਿਲ ਜਾਣ। ਇਨ੍ਹਾਂ ਦਾ ਨਾਂ ਨਿਸ਼ਾਨ ਨਾ ਰਹੇ।
(ਨਵਾਬ ਵੱਲ ਤੱਕ ਕੇ) ਖਾਉ ਮੇਰੇ ਸਿਰ ਦੀ ਸਹੁੰ। ਜੇ ਮੈਂ ਸੱਚੀ ਸੱਚੀ ਗੱਲ ਦੱਸੀ ਤਾਂ ਗੁੱਸਾ ਨਹੀਂ ਮਣਾਉਗੇ। ਨਹੀਂ ਤਾਂ ਮੈਂ ਮਹੱਲ ਉਤੋਂ ਛਾਲ ਮਾਰ ਕੇ ਮਰ ਜਾਵਾਂਗੀ ਜਾਂ ਆਪਣੇ ਪੇਟ ਵਿੱਚ ਕਟਾਰ ਮਾਰ ਕੇ ਮਰ ਜਾਵਾਂਗੀ। (ਹੱਥ ਲੱਕ ਨਾਲ ਬੱਧੀ ਕਟਾਰ ਨੂੰ ਪਾ ਲੈਂਦੀ ਹੈ)

ਨਵਾਬ : ਹੈਂ! ਮੇਰੀ ਪਿਆਰੀ, ਇਹ ਕੈਸੀ ਗੱਲ ਕਰ ਰਹੀ ਹੈਂ ਤੂੰ। ਮੈਂ ਆਪ ਸੜ ਕੇ ਮਰ ਜਾਵਾਂਗਾ, ਜੇ ਤੈਨੂੰ ਕੋਈ ਤੱਤੀ 'ਵਾ ਵੀ ਲੱਗੇ। ਮੈਂ ਅੱਲਾ ਤਾਅਲਾ ਦੀ, ਹਜ਼ਰਤ ਮੁਹੰਮਦ ਆਪਣੇ ਪੀਰ ਦੀ ਕਸਮ ਖਾ ਕੇ ਕਹਿੰਦਾ ਹਾਂ, ਤੂੰ ਜੋ ਕਹੇਂਗੀ ਮੈਂ ਉਹੀ ਕਰਾਂਗਾ। ਤੂੰ ਤਾਂ ਮੇਰੀ ਜਾਨ ਏਂ। ਤੇਰਾ ਕਿਹਾ ਮੈਂ ਕਦੇ ਵੀ ਨਹੀਂ ਟਾਲਾਂਗਾ। ਤੇਰੇ ਲਈ ਤਾਂ ਮੇਰੀ ਜਾਨ ਵੀ ਹਾਜ਼ਰ ਹੈ। ਤੂੰ ਵਿਚਲੀ ਗੱਲ ਤਾਂ ਦੱਸ? ਆਪਣਾ ਦਿਲ ਤਾਂ ਖੋਲ੍ਹ; ਜ਼ਿਆਦਾ ਬੁਝਾਰਤਾਂ ਨਾ ਪਾ।

ਬੇਗਮ : ਨਵਾਬ ਸਾਹਿਬ! ਇਥੇ ਤੇਰੇ ਤੇ ਮੇਰੇ ਤੋਂ ਬਗੈਰ ਹੋਰ ਕੋਈ ਤੀਸਰਾ ਬੰਦਾ ਨਹੀਂ

ਹੈ। ਭਾਵੇਂ ਤੂੰ ਹਜ਼ਾਰਾਂ ਕਸਮਾਂ ਖਾ ਲੈ; ਮੇਰੇ ਸਿਰ ਤੋਂ ਵਾਰ ਕੇ ਜਿੰਨੇ ਮਰਜ਼ੀ ਸ਼ਗਨ ਕਰ ਲੈ। ਪਰ ਇਸ ਤਰ੍ਹਾਂ ਦੀਆਂ ਮੂੰਹ ਰੱਖਣੀਆਂ ਗੱਲਾਂ ਨਾ ਕਰ। ਮੈਨੂੰ ਨਹੀਂ ਇਤਬਾਰ ਕਿ ਤੂੰ ਜੋ ਕਸਮਾਂ ਖਾਧੀਆ ਨੇ, ਉਨ੍ਹਾਂ ਨੂੰ ਤੂੰ ਪੂਰਾ ਕਰੇਂਗਾ। ਤੂੰ ਸਵੇਰੇ ਹੀ ਦਰਬਾਰ ਜਾਂਦਿਆਂ ਆਪਣੇ ਚਮਚਿਆਂ ਦੇ ਆਖੇ ਲੱਗ ਕੇ ਸਭ ਕੁਝ ਭੁੱਲ ਜਾਣਾ ਏਂ। ਤੂੰ ਉਹੀ ਕੁਝ ਕਰਨਾ ਏਂ, ਜੋ ਉਹ ਤੈਨੂੰ ਕਹਿਣਗੇ। ਪਰ ਯਾਦ ਰੱਖ ਤੂੰ ਮਗਰੋਂ ਬਹੁਤ ਪਛਤਾਏਂਗਾ। ਜਿਸ ਟਾਹਣੀ 'ਤੇ ਬੈਠਾ ਏਂ, ਉਸ ਨੂੰ ਹੀ ਕੱਟਣ ਦੀ ਮੂਰਖਤਾ ਕਰੇਂਗਾ। ਆਪਣੇ ਪੈਰ ਆਪ ਹੀ ਕੁਹਾੜਾ ਮਾਰੇਂਗਾ। ਮੈਂ ਤਾਂ ਚਾਹੁੰਦੀ ਹਾਂ ਕਿ ਮੈਂ ਹੁਣੇ ਹੀ ਕਟਾਰ ਮਾਰ ਕੇ ਮਰ ਜਾਵਾਂ, ਤਾਂ ਜੋ ਮੈਨੂੰ ਉਹ ਮਨਹੂਸ ਦਿਨ ਵੇਖਣਾ ਹੀ ਨਾ ਪਵੇ ਜਿਸ ਦਿਨ ਤੂੰ ਇਹ ਕਹਿਰ ਢਾਹੁਣਾ ਏਂ। (ਕਟਾਰ ਕੱਢ ਕੇ ਮਾਰਨ ਲੱਗਦੀ ਹੈ ਤੇ ਨਵਾਬ ਉਸ ਦਾ ਹੱਥ ਫੜ ਲੈਂਦਾ ਹੈ।)

ਨਵਾਬ : (ਲਾਡ ਨਾਲ) ਮੇਰੀ ਜਾਨ! ਤੂੰ ਕਿਸ ਗੱਲ ਦੀ ਚਿੰਤਾ ਪਈ ਕਰਦੀ ਏਂ, ਤੂੰ ਤੰਦੂਰ ਵਾਂਗ ਕਿਉਂ ਸੜਦੀ ਤਪਦੀ ਪਈ ਏਂ। ਕਿਉਂ ਤਰਲੋ ਮੱਛੀ ਹੁੰਦੀ ਪਈ ਏਂ। ਤੂੰ ਖੁੱਲ੍ਹ ਕੇ ਦੱਸਦੀ ਕਿਉਂ ਨਹੀਂ? ਤੈਨੂੰ ਕਿਹੜੀ ਗੱਲ ਸਤਾ ਰਹੀ ਏ। ਤੂੰ ਕਿਉਂ ਮੈਨੂੰ ਤੇ ਮੇਰੇ ਮੁਸਾਹਿਬਾਂ ਨੂੰ ਬੁਰਾ ਭਲਾ ਕਹੀ ਜਾਂਦੀ ਏਂ। ਤੂੰ ਅੰਦਰੇ ਅੰਦਰ ਕਿਉਂ ਵਿਸ ਘੋਲ ਰਹੀ ਏਂ? ਦਿਲ ਦੀ ਗੱਲ ਬਾਹਰ ਕੱਢ ਦੇਣੀ ਚਾਹੀਦੀ ਹੈ। ਸਿਆਣੇ ਕਹਿੰਦੇ ਨੇ ਜੇ ਫੋੜੇ ਨੂੰ ਘੁਟ ਕੇ ਬੰਨ੍ਹ ਕੇ ਰੱਖੀਏ ਤਾਂ ਉਹ ਨਸੂਰ ਬਣ ਜਾਂਦਾ ਏ। ਸੋ ਦਿਲ ਦੀ ਗੱਲ ਬੇਖ਼ੌਫ ਹੋ ਕੇ ਬਾਹਰ ਕੱਢ ਦੇ।

ਬੇਗਮ : (ਜ਼ਰਾ ਤਨਜ਼ ਨਾਲ) ਆਪਣੇ ਆਪ ਨੂੰ ਜੇ ਐਨਾ ਸੂਰਮਾ ਸਮਝਦਾ ਏਂ ਤਾਂ ਅੱਜ ਤਕ ਕਿਸੇ ਰਾਜੇ ਨੂੰ ਜਿੱਤ ਕੇ ਕਿਉਂ ਨਹੀਂ ਆਇਆ? ਅੱਜ ਤੂੰ ਇਕ ਅਵਤਾਰ ਨਾਲ ਮੱਥਾ ਲਾਇਆ ਏ, ਪਰ ਸੁਣ ਲੈ! ਜਿਹੜਾ ਵੀ ਉਸ ਦੇ ਸਾਹਮਣ ਆਇਆ ਹੈ, ਬਚਿਆ ਨਹੀਂ। ਟੁਕੜੇ ਟੁਕੜੇ ਹੋ ਗਿਆ ਏ। ਉਹ ਤਾਂ ਰੱਬ ਦਾ ਭੇਜਿਆ ਹੋਇਆ ਪੈਗੰਬਰ ਐ, ਅਵਤਾਰ ਐ। ਤੂੰ ਉਹਦੇ ਨਾਲ ਮੱਥਾ ਲਗਾ ਕੇ ਆਪਣੇ ਪੈਰ ਆਪ ਕੁਹਾੜਾ ਮਾਰਨ ਵਾਲੀ ਗੱਲ ਕੀਤੀ ਹੈ। ਤੇ ਹੁਣ ਤੂੰ ਆਪਣੇ ਕਾਜ਼ੀਆਂ ਦੇ ਆਖੇ ਲੱਗ ਕੇ ਕੀ ਕਰਨ ਲਗਾ ਏਂ? ਉਨ੍ਹਾਂ ਨਾਲੋਂ ਤਾਂ ਮੈਂ ਇਸਤਰੀ ਹੋ ਕੇ ਵੀ ਚੰਗੀ ਹਾਂ, ਜਿਸ ਨੂੰ ਇਹ ਸਭ ਕੁਝ ਸੁਣ ਕੇ ਗ਼ੈਰਤ ਆ ਰਹੀ ਏ, ਸ਼ਰਮ ਆ ਰਹੀ ਏ। ਤੂੰ ਸਮਝਦਾ ਏਂ ਤੂੰ ਬੜਾ ਵੱਡਾ ਸ਼ਿਕਾਰ ਫੜ ਕੇ ਲਿਆਂਦਾ ਹੈ। ਨਹੀਂ। ਅਸਲ ਵਿੱਚ ਤੂੰ ਆਪਣੀ ਮੌਤ ਫੜ ਕੇ ਲਿਆਂਦੀ ਏ।

(ਨਵਾਬ ਉਸ ਦੇ ਹੱਥ ਫੜੀ ਕਟਾਰ ਖੋਹ ਲੈਂਦਾ ਹੈ)

ਨਵਾਬ : ਮੈਂ ਐਸਾ ਕੋਈ ਕੰਮ ਨਹੀਂ ਕੀਤਾ, ਜਿਸ ਦਾ ਉਲ੍ਹਾਮਾ ਤੂੰ ਮੈਨੂੰ ਦੇ ਰਹੀ ਏਂ। ਤੈਨੂੰ ਕਿਸੇ ਨੇ ਝੂਠੀ ਖ਼ਬਰ ਦਿੱਤੀ ਏ। ਛੇਤੀ ਦੱਸ, ਤੂੰ ਕਿਹੜੀ ਗੱਲ ਦਿਲ ਵਿੱਚ ਛੁਪਾਈ ਬੈਠੀ ਏਂ। ਆਪਣੇ ਮਨ ਨੂੰ ਸ਼ਾਂਤ ਰੱਖ ਕੇ ਦੱਸ ਸਾਰੀ ਗੱਲ ਮੈਨੂੰ ਹੁਣੇ ਹੀ।

ਬੇਗਮ : ਜਦੋਂ ਹੋਣੀ ਨੇ ਆਪਣਾ ਜਾਲ ਤਣਨਾ ਹੁੰਦਾ ਹੈ ਤਾਂ ਉਹ ਪਹਿਲਾਂ ਬੰਦੇ ਦੀ ਅਕਲ ਨੂੰ ਤਾਲਾ ਮਾਰਦੀ ਏ। ਤੇ ਨਾਲ ਹੀ ਉਸ ਦੀਆਂ ਜੜ੍ਹਾਂ ਵਿੱਚ ਤੇਲ ਦੇ ਦਿੰਦੀ ਏ। ਬੰਦੇ ਦੀ ਸੁਰਤ ਗੁਆਚ ਜਾਂਦੀ ਏ, ਮੱਤ ਮਾਰੀ ਜਾਂਦੀ ਏ। ਠੀਕ ਹੀ ਕਹਿੰਦੇ ਨੇ "ਜਬ ਬੁਰੇ ਦਿਨ ਆਤੇ ਹੈਂ, ਤੋ ਅਕਲ ਜਾਤੀ ਰਹਿਤੀ ਹੈ।" ਆਦਮੀ ਨੂੰ ਖਰੇ ਖੋਟੇ ਦੀ ਪਛਾਣ ਨਹੀਂ ਰਹਿੰਦੀ। ਤੇਰੇ ਮੁਸਾਹਿਬਾਂ ਦਾ ਰੱਬ ਖ਼ਾਨਾ ਖ਼ਰਾਬ ਕਰੇ, ਜਿਹੜੇ ਤੈਨੂੰ ਖੋਟੀਆਂ ਮੱਤਾਂ ਦੇ ਰਹੇ ਨੇ। ਗ਼ਫ਼ਲਤ ਦੀ ਨੀਂਦ ਤਿਆਗ। ਅਣਜਾਣ ਬੱਚਾ ਨਾ ਬਣ। ਤੇਰੇ ਸਿਰ 'ਤੇ ਉਨ੍ਹਾਂ ਨੇ ਕੁਝ ਧੂੜ ਦਿੱਤਾ ਏ। ਮੈਂ ਤਾਂ ਸਭ ਸਮਝਦੀ ਹਾਂ। ਤੂੰ ਨਹੀਂ ਜਾਣਦਾ, ਗੁਰੂ ਗੋਬਿੰਦ ਸਿੰਘ ਵਰਗੇ ਪੀਰ ਨੂੰ, ਜਿਸ ਦੇ ਸਰਾਪ ਨਾਲ ਬਾਦਸ਼ਾਹੀਆਂ ਹਕੂਮਤਾਂ ਸਭ ਤਬਾਹ ਹੋ ਸਕਦੀਆਂ ਹਨ। ਤੈਨੂੰ ਨਹੀਂ ਪਤਾ ਤੇ ਨਾਲੇ ਇਹ ਭੁੱਲ ਗਿਆਂ ਏਂ, ਉਸ ਨੇ ਸਿਰਫ਼ ਚਾਲ੍ਹੀ ਸਿੰਘਾਂ ਨਾਲ ਤੇਰੀ ਫ਼ੌਜ ਨੂੰ ਵਖ਼ਤ ਪਾ ਛੱਡਿਆ ਸੀ। ਤੁਸਾਂ ਝੂਠੀਆਂ ਕਸਮਾਂ ਖਾ ਕੇ ਉਸ ਨੂੰ ਚਾਰ ਚੁਫੇਰਿਉਂ ਘੇਰ ਲਿਆ ਸੀ ਤੇ ਉਹ ਸ਼ੇਰ ਵਾਂਗ ਗਰਜਦਾ ਹੋਇਆ ਤੁਹਾਡੀਆਂ ਫ਼ੌਜਾਂ ਨੂੰ ਚੀਰਦਾ ਹੋਇਆ ਨਿਕਲ ਗਿਆ ਸੀ। (ਨਵਾਬ ਦੇ ਚਿਹਰੇ ਦੀਆਂ ਹਵਾਈਆਂ ਉੱਡ ਜਾਂਦੀਆਂ ਹਨ) ਉਸ ਦੇ ਮਾਸੂਮ ਬੱਚਿਆਂ ਨੂੰ ਤੁਸਾਂ ਧੋਖੇ ਨਾਲ ਫੜ ਲਿਆ ਹੈ ਤੇ ਉਹਨ੍ਹਾਂ ਦੀ ਬੁੱਢੀ ਦਾਦੀ ਨੂੰ ਬੁਰਜ ਵਿੱਚ ਕੈਦ ਕਰ ਲਿਆ ਏ। ਤੇ ਉਨ੍ਹਾਂ ਮਾਸੂਮਾਂ ਉੱਤੇ ਤੁਸੀਂ ਕਹਿਰ ਢਾਹ ਰਹੇ ਹੋ। ਦੁਨੀਆ, ਅੱਲ੍ਹਾ ਤਆਲਾ ਤੋਂ ਔਲਾਦ ਮੰਗਦੀ ਹੈ ਤੇ ਤੁਸੀਂ ਇਨ੍ਹਾਂ ਮਾਸੂਮਾਂ ਨੂੰ ਮਾਰਨਾ ਚਾਹੁੰਦੇ ਹੋ। ਬੱਚੇ ਤਾਂ ਰੱਬ ਦਾ ਰੂਪ ਹੁੰਦੇ ਨੇ ਤੇ ਸਾਰੀ ਸ੍ਰਿਸ਼ਟੀ ਉਨ੍ਹਾਂ ਨਾਲ ਪਿਆਰ ਕਰਦੀ ਏ। ਇਸ ਸੰਸਾਰ ਵਿੱਚ ਕਿਹੜਾ ਏ, ਜਿਹੜਾ ਬੱਚਿਆਂ ਉੱਤੇ ਅਜਿਹਾ ਜ਼ੁਲਮ ਕਰਦਾ ਹੋਵੇ। ਮੈਨੂੰ ਪਤਾ ਲਗਾ ਏ ਕਿ ਤੁਸਾਂ ਕੱਲ੍ਹ ਉਨ੍ਹਾਂ ਮਾਸੂਮਾਂ ਨੂੰ ਮਾਰ ਮੁਕਾਉਣਾ ਏਂ। ਮੇਰੀ ਤਾਂ ਇਹ ਗੱਲ ਸੁਣਦਿਆਂ ਹੀ ਹੋਸ਼ ਗੁੰਮ ਹੋ ਗਈ ਏ। ਉਨ੍ਹਾਂ ਮਾਸੂਮ ਬੱਚਿਆਂ ਨੇ ਤੁਹਾਡਾ ਕੀ ਵਿਗਾੜਿਆ ਏ? ਉਨ੍ਹਾਂ ਮਾਸੂਮਾਂ ਨੂੰ ਕੀ ਪਤਾ ਇਹ ਦੁਨਿਆਵੀ ਝਗੜੇ ਕੀ ਹੁੰਦੇ ਨੇ? ਉਹ ਬੱਚੇ ਤਾਂ ਰੱਬ ਦਾ ਰੂਪ ਨੇ। ਉਨ੍ਹਾਂ ਨੂੰ ਮਾਰਨਾ ਸਭ ਤੋਂ ਵੱਡਾ ਗੁਨਾਹ ਹੈ। ਇਨ੍ਹਾਂ ਮਾਸੂਮ ਬੱਚਿਆਂ ਦੀ ਆਹ ਦੁਨੀਆ ਨੂੰ ਤਬਾਹ ਕਰ ਕੇ ਰੱਖ ਦੇਵੇਗੀ, ਯਾਦ ਰੱਖੀ ਮੇਰੀ ਇਹ ਗੱਲ।

ਨਵਾਬ : ਲੈ ਵੱਡੀ ਗੱਲ ਕੀਤੀ ਸੂ। ਅਖੇ, ਪੁੱਟਿਆ ਪਹਾੜ ਤੇ ਨਿਕਲਿਆ ਚੂਹਾ। ਇਸ ਮਾਮੂਲੀ ਜਿਹੀ ਗੱਲ ਪਿਛੇ ਸੜ ਬਲ ਰਹੀ ਏਂ, ਤੂੰ। ਬੇਗਮੇਂ! ਕਾਫ਼ਰਾਂ ਨੂੰ ਮਾਰਨਾ ਤਾਂ ਸਾਡੀ ਸ਼ਰ੍ਹਾ ਸੁਆਬ ਵਾਲਾ, ਪੁੰਨ ਵਾਲਾ ਕੰਮ ਸਮਝਦੀ ਏ। ਕਾਫ਼ਰਾਂ ਦੀ ਜ਼ਬਾਨ ਬੰਦ ਕਰਨੀ ਸਭ ਤੋਂ ਵੱਡਾ ਸੁਆਬ ਏ। ਔਰੰਗਜ਼ੇਬ ਜੋ ਸਾਡੇ ਸ਼ਾਹਾਂ ਦਾ ਸ਼ਾਹ ਹੈ, ਜਦੋਂ ਇਹ ਗੱਲ ਸੁਣੇਗਾ ਤਾਂ ਗਦ ਗਦ ਹੋ ਜਾਏਗਾ। ਮੇਰੀ ਵਾਹ, ਵਾਹ ਹੋ ਜਾਵੇਗੀ, ਤੂੰ ਮਾਲਾ ਮਾਲ ਹੋ ਜਾਏਂਗੀ। ਇਨ੍ਹਾਂ ਨਿੱਕੀਆਂ ਨਿੱਕੀਆਂ ਗੱਲਾਂ ਦਾ ਮਲਾਲ ਨਾ ਕਰਿਆ ਕਰ।

ਬੇਗਮ : ਨਵਾਬ ਸਾਹਿਬ! ਮੈਨੂੰ ਲੱਗਦਾ ਏ ਤੁਹਾਡੇ ਸਿਰ 'ਤੇ ਹੋਣੀ ਮੰਡਰਾ ਰਹੀ ਏ। ਤੁਹਾਡੀ ਤਾਂ ਅਕਲ ਮਾਰੀ ਗਈ ਏ। ਤੁਸੀਂ ਉਨ੍ਹਾਂ ਬੱਚਿਆਂ ਨੂੰ ਤੁੱਛ ਜਾਂ ਮਾਮੂਲੀ ਸਮਝ ਕੇ ਉਨ੍ਹਾਂ ਨੂੰ ਮਾਰਨ ਦਾ ਗੁਨਾਹ ਕਰਨ ਲੱਗੇ ਹੋ। ਕੋਈ ਅਕਲ ਦੀ ਗੱਲ ਕਰੋ। ਗਫ਼ਲਤ ਨੂੰ ਤਿਆਗੋ ਤੇ ਹੋਸ਼ ਵਿੱਚ ਆਉ। ਜਿਨ੍ਹਾਂ ਕਾਜ਼ੀਆਂ ਦੇ ਮਗਰ ਲੱਗ ਕੇ ਤੁਸੀਂ ਇਹ ਗੁਨਾਹ ਕਰ ਰਹੇ ਹੋ ਨਾ, ਉਹ ਤੁਹਾਨੂੰ ਤਬਾਹੀ ਦੇ ਰਾਹ 'ਤੇ ਤੋਰ ਰਹੇ ਨੇ। ਅੱਲ੍ਹਾ ਦਾ ਖ਼ੌਫ਼ ਖਾਉ। ਜੇ ਇਨ੍ਹਾਂ ਬੱਚਿਆਂ 'ਤੇ ਤਰਸ ਖਾਉਗੇ ਤਾਂ ਅੱਲ੍ਹਾ ਤੁਹਾਨੂੰ ਇਸ ਦਾ ਸੁਆਬ ਦੇਵੇਗਾ। ਇਕ ਗੱਲ ਹੋਰ ਧਿਆਨ ਵਿੱਚ ਰੱਖਣਾ ਜਿਸ ਦੇ ਬੱਚਿਆਂ ਨੂੰ ਤੁਸੀਂ ਮਾਰਨ ਲੱਗੇ ਹੋ ਨਾ ਉਹ ਤਾਂ ਰੱਬ ਦਾ ਸੱਚਾ ਅਵਤਾਰ ਏ। ਸਾਰਾ ਮੁਲਕ ਉਸ ਦੀ ਅਜ਼ਮਤ ਨੂੰ ਮੰਨਦਾ ਏ ਤੇ ਉਸ ਅੱਗੇ ਨਤ ਮਸਤਕ ਹੁੰਦਾ ਏ। ਹਿੰਦੂ, ਤੁਰਕ ਸਭ ਉਸ ਪਾਸੋਂ ਖਰਾਇਤਾਂ ਮੰਗਦੇ ਨੇ। ਆਪਣੇ ਮਨ ਵਿੱਚ ਕੰਘੀ ਮਾਰ ਕੇ ਵੇਖ ਤੇ ਦਿਮਾਗ਼ ਨੂੰ ਖੁਰਚ ਕੇ ਵੇਖ, ਉਸ ਅਜ਼ਮਤ ਵਾਲੇ ਗੁਰੂ ਦੇ ਪੁੱਤਰ ਕਿਸ ਗੱਲੋਂ ਘਟ ਹੋਣਗੇ। ਜਿਨ੍ਹਾਂ ਨੂੰ ਤੂੰ ਬੱਚੇ ਸਮਝਦਾ ਏਂ, ਉਹ ਅੱਲ੍ਹਾ ਦੇ ਯਾਰ ਨੇ। ਰੱਬ ਦੇ ਮਹਿਬੂਬ ਨੇ। ਉਨ੍ਹਾਂ ਵਿੱਚ ਅੱਲ੍ਹਾ ਦਾ ਨੂਰ ਵੱਸਦਾ ਏ। ਤੁਸੀਂ ਉਨ੍ਹਾਂ ਨੂੰ ਮਾਰਨ ਲੱਗੇ ਹੋ। ਕਿਉਂ ਸ਼ੈਤਾਨਾਂ ਦੇ ਕਹਿਣ 'ਤੇ ਤੁਸੀਂ ਖੋਟੇ ਰਾਹ ਤੁਰ ਪਏ ਓ? ਹੋਸ਼ ਕਰੋ ਕੁਝ।

ਨਵਾਬ : ਤੂੰ ਬਿਲਕੁਲ ਭੋਲੀ ਏਂ। ਤੇਰਾ ਜਨਮ ਹਿੰਦੂਆਂ ਦੇ ਘਰ ਹੋਇਆ ਏ। ਤੈਨੂੰ ਕੀ ਪਤਾ ਸਾਡੀ ਸ਼ਰ੍ਹਾ ਸ਼ਰੀਅਤ ਕੀ ਕਹਿੰਦੀ ਏ। ਤੇਰੀ ਅਜੇ ਪਿਛਲੀ ਸੋਚ ਨਹੀਂ ਬਦਲੀ। ਮੈਨੂੰ ਪਤਾ ਏ ਜ਼ੈਨਬੇ ਕਿ ਉਹ ਬੜਾ ਭਾਰਾ ਗੁਰੂ ਪੀਰ ਏ ਪਰ ਉਹ ਸਾਡੀ ਸ਼ਰ੍ਹਾ ਨੂੰ ਨਹੀਂ ਮੰਨਦਾ। ਜਿਹੜਾ ਸ਼ਰ੍ਹਾ ਨੂੰ ਨਹੀਂ ਮੰਨਦਾ, ਉਹ ਮੁਸਲਮਾਨ ਨਹੀਂ ਹੋ ਸਕਦਾ, ਮੋਮਨ ਨਹੀਂ ਹੋ ਸਕਦਾ। ਉਹ ਕਾਫ਼ਰ ਹੈ ਤੇ ਕਾਫਰ ਨੂੰ ਮਾਰਨਾ ਬੜਾ ਵੱਡਾ ਸੁਆਬ ਏ।

ਬੇਗਮ : ਉਹ ਤਾਂ ਪੀਰਾਂ ਦਾ ਪੀਰ ਏ, ਦੀਨਾਂ ਅਨਾਥਾਂ ਦਾ ਹਮਦਰਦ ਏ। ਪਰ ਤੂੰ ਸਭ

www.punjabilibrary.com

ਕੁੱਝ ਹੁੰਦਿਆਂ ਹੋਇਆਂ ਵੀ ਕੰਗਾਲ ਏਂ। ਤੂੰ ਤਾਂ ਹੱਥ ਵਿੱਚ ਦੀਵਾ ਹੁੰਦੇ ਹੋਏ ਵੀ ਹਨੇਰੇ ਵਿੱਚ ਭਟਕ ਰਿਹਾ ਹੈਂ ਤੇ ਖੂਹ ਵਿੱਚ ਡਿੱਗ ਰਿਹਾ ਏਂ। ਭਲਿਆ! ਇਹੋ ਜਿਹਾ ਧੋਖਾ ਨਾ ਖਾਹ। ਕਹਿੰਦੇ ਨੇ ਕਿ ਜੇ ਇਕ ਪੈਰ ਖੁੰਝ ਜਾਏ ਤਾਂ ਕੋਹਾਂ 'ਤੇ ਜਾ ਪਈਦਾ ਏ। ਇਨ੍ਹਾਂ ਮਾਸੂਮਾਂ ਨੂੰ ਛੱਡ ਦੇ। ਮਾਸੂਮਾਂ ਨਾਲ ਧੋਖਾ ਕਰਨਾ, ਉਨ੍ਹਾਂ ਨੂੰ ਮਾਰਨਾ ਸ਼ੋਭਾ ਨਹੀਂ ਦਿੰਦਾ। ਨਾਲੇ ਇਹ ਸੁਣ! ਇਨ੍ਹਾਂ ਨੂੰ ਮਾਰਨਾ ਆਪਣੀ ਮੌਤ ਨੂੰ 'ਵਾਜਾਂ ਮਾਰਨ ਵਾਲੀ ਗੱਲ ਏ। ਇਹ ਤਾਂ ਦੇਵਤੇ ਨੇ। ਇਨ੍ਹਾਂ ਨੇ ਤਾਂ ਅਮਰ ਰਹਿਣਾ ਏਂ। ਹੋਸ਼ ਕਰ! ਚੰਨ 'ਤੇ ਥੁੱਕਿਆਂ, ਥੁੱਕ ਆਪਣੇ ਉੱਤੇ ਹੀ ਆ ਪੈਂਦੀ ਏ। ਨਾਲੇ ਤੂੰ ਤਾਂ ਮੇਰੇ ਨਾਲ ਇਹ ਕੌਲ ਕੀਤਾ ਹੋਇਆ ਹੈ ਕਿ ਤੂੰ ਇਹ ਕੁਕਰਮ ਨਹੀਂ ਕਰੇਂਗਾ। ਆਪਣੇ ਕੀਤੇ ਸੁਖਨ ਦੀ ਹੀ ਲਾਜ ਰੱਖ ਤੇ ਇਹ ਗੁਨਾਹ ਨਾ ਕਰ। ਰੱਬ ਦਾ ਵਾਸਤਾ ਈ।

ਨਵਾਬ : ਭਲੀਏ ਲੋਕੇ! ਤੈਨੂੰ ਨਹੀਂ ਪਤਾ, ਬਾਦਸ਼ਾਹਾਂ ਦੀ ਨੌਕਰੀ ਕਰਨੀ ਕਿੰਨੀ ਔਖੀ ਹੁੰਦੀ ਏ। ਮੇਰੀ ਤਾਂ ਇਸ ਵੇਲੇ ਜਾਨ ਸੂਲੀ 'ਤੇ ਟੰਗੀ ਹੋਈ ਏ। ਮੈਂ ਤਾਂ ਖ਼ੁਦ ਦਿੱਲੀ ਦਰਬਾਰ ਦਾ ਨੌਕਰ ਹਾਂ। ਜੇ ਮੈਂ ਇਨ੍ਹਾਂ ਬੱਚਿਆਂ ਨੂੰ ਇਸ ਤਰ੍ਹਾਂ ਛੱਡ ਦਿੰਦਾ ਹਾਂ ਤਾਂ ਦਿੱਲੀ ਦੀ ਸਰਕਾਰ ਮੈਨੂੰ ਲਾਹਨਤਾਂ ਪਾਏਗੀ ਤੇ ਨਾਲ ਹੀ ਇਹ ਹਾਕਮੀ ਤੇ ਸ਼ਾਨ-ਸ਼ੌਕਤ ਵੀ ਖ਼ਤਮ ਹੋ ਜਾਵੇਗੀ। ਕਾਜ਼ੀ, ਮੁੱਲਾਂ ਤੇ ਸ਼ੇਖ਼ ਮੈਨੂੰ ਮਜ਼ਹਬ ਤੋਂ ਬਾਹਰ ਕੱਖ ਦੇਣਗੇ। ਬੇਗਮੇਂ! ਤੂੰ ਮੇਰੀ ਹਾਲਤ ਵੱਲ ਵੀ ਤਾਂ ਵੇਖ, ਮੇਰੇ ਬਾਰੇ ਵੀ ਤਾਂ ਕੁਝ ਸੋਚ।

ਬੇਗਮ : ਇਹ ਸਭ ਝੂਠ ਏ। ਮੈਂ ਇਨ੍ਹਾਂ ਗੱਲਾਂ ਨੂੰ ਨਹੀਂ ਮੰਨਦੀ। ਜੇ ਤੁਹਾਡਾ ਬਾਦਸ਼ਾਹ ਇਨ੍ਹਾਂ ਮਾਸੂਮਾਂ ਨੂੰ ਮਾਰ ਕੇ ਖੁਸ਼ ਹੁੰਦਾ ਏ ਤਾਂ ਛੱਡ ਦਿਉ ਇਹ ਸਭ ਸੂਬੇਦਾਰੀਆਂ ਤੇ ਇਹ ਹਕੂਮਤਾਂ। ਇਹੋ ਜਿਹੀਆਂ ਹਕੂਮਤਾਂ ਨਾਲੋਂ ਤਾਂ ਮੰਗ ਕੇ ਖਾਣਾ ਚੰਗਾ ਏ, ਇਹੋ ਜਿਹਾ ਰਾਜ ਪਵੇ ਚੁੱਲ੍ਹੇ ਵਿੱਚ, ਜਿਸ ਨੂੰ ਹਾਸਿਲ ਕਰਨ ਲਈ ਇਹੋ ਜਿਹਾ ਘੋਰ ਪਾਪ ਕਰਨਾ ਪਵੇ। ਰਾਜਿਆ! ਇਹ ਕੰਮ ਨਾ ਕਰੀਂ, ਜਿਹਨੂੰ ਕਰ ਕੇ ਰੱਬ ਦੀ ਦਰਗਾਹ ਵਿੱਚ ਸ਼ਰਮਿੰਦਾ ਹੋਣਾ ਪਵੇ। ਸ਼ਰ੍ਹਾ ਦਾ ਡਰ ਛੱਡ ਤੇ ਨਾ ਹੀ ਪਰਵਾਹ ਕਰ ਇਨ੍ਹਾਂ ਕਾਜ਼ੀਆਂ ਤੇ ਮੁੱਲਾਂ ਮੁਲਾਨਿਆਂ ਦੀ। ਪਰਵਾਹ ਨਾ ਕਰ ਧਨ ਦੌਲਤ ਦੇ ਖੁੱਸ ਜਾਣ ਦੀ। ਮੇਰੇ ਨਾਲ ਕੀਤੇ ਬਚਨਾਂ ਦੀ ਲਾਜ ਰੱਖ ਤੇ ਦਇਆ ਧਰਮ ਦਾ ਰਾਹ ਫੜ।

ਨਵਾਬ : ਮੇਰੀ ਪਿਆਰੀ! ਤੈਨੂੰ ਆਪਣੇ ਦਿਲ ਦੀ ਗੱਲ ਦੱਸਾਂ। ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਇਸ ਗੁਰੂ ਨਾਲ ਦਿਲੋਂ ਖਾਰ ਏ। ਵਿਹੜੇ ਆਏ ਸ਼ਿਕਾਰ ਨੂੰ ਕੌਣ ਛੱਡਦਾ ਏ। ਇਨ੍ਹਾਂ ਬੱਚਿਆਂ ਨੂੰ ਮਾਰ ਕੇ ਹੀ ਮੇਰੇ ਕਲੇਜੇ ਠੰਢ ਪਵੇਗੀ। ਤੂੰ ਹੁਣ ਮੋਮਨ ਏਂ। ਇਨ੍ਹਾਂ ਕਾਫਰਾਂ ਨੂੰ ਬਚਾਉਣਾ ਤੈਨੂੰ ਸ਼ੋਭਦਾ ਨਹੀਂ। ਇਨ੍ਹਾਂ ਨੂੰ

ਮਾਰ ਦੇਣ ਵਿਚ ਹੀ ਭਲਾ ਏ। ਤੂੰ ਐਵੇਂ ਮੇਰੇ ਨਾਲ ਝੇੜੇ ਨਾ ਕਰ। ਸਾਰੀ ਰਾਤ ਤੂੰ ਝਗੜਦਿਆਂ ਹੀ ਲੰਘਾ ਦਿੱਤੀ ਏ। ਸੌਣਾ ਨਹੀਉਂ ਅਜੇ?

ਬੇਗਮ : ਨਵਾਬਾ! ਮੈਨੂੰ ਜਾਪਦਾ ਏ ਤੇਰੀ ਅਕਲ ਵਿੱਚ ਪੱਥਰ ਪੈ ਗਏ ਨੇ। ਮੈਂ ਤਾਂ ਆਟਾ ਪੀਹਣ ਲਈ ਚੱਕੀ ਮੰਗਦੀ ਪਈ ਹਾਂ ਤੇ ਤੂੰ ਮੇਰੇ ਅੱਗੇ ਪੱਥਰ ਰੱਖਣ ਵਾਲੀ ਗੱਲ ਕਰ ਰਿਹਾ ਏਂ। ਮੈਂ ਤੈਨੂੰ ਕਹਿ ਰਹੀ ਹਾਂ, ਮੈਨੂੰ ਲੌਂਗ ਜਾਂ ਨੱਥ ਘੜਵਾ ਦੇ ਤੇ ਤੂੰ ਅੱਗੋਂ ਮੇਰਾ ਨੱਕ ਕੱਟਣ ਲਈ ਚਾਕੂ ਫੜਾ ਰਿਹਾ ਏਂ। ਇਨ੍ਹਾਂ ਮਾਸੂਮ ਬਾਲਾਂ ਨੂੰ ਛੱਡ ਭਾਵੇਂ ਨਾ ਛੱਡ, ਇਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਣਾ। ਇਨ੍ਹਾਂ ਦੇ ਬਾਪ ਨੂੰ ਜਦੋਂ ਪਤਾ ਲੱਗਾ ਕਿ ਨਵਾਬ ਨੇ ਮੇਰੇ ਪੁੱਤਰ ਮਾਰ ਦਿੱਤੇ ਨੇ ਤਾਂ ਉਸ ਨੇ ਵੀ ਸ਼ਾਂਤ ਰਹਿਣਾ ਏਂ। ਉਸ ਨੇ ਵੀ ਕੁਝ ਨਹੀਂ ਕਹਿਣਾ। ਪਰ ਵੈਰੀਆ! ਇਸ ਕੁਕਰਮ ਦਾ ਨੁਕਸਾਨ ਤੈਨੂੰ ਹੀ ਹੋਣਾ ਏਂ।

ਨਵਾਬ : ਜੇ ਤੈਨੂੰ ਐਨਾਂ ਪਤਾ ਏ ਕਿ ਤੇਰੇ ਗੁਰੂ ਨੇ, ਇਨ੍ਹਾਂ ਦੇ ਬਾਪ ਨੇ ਮੈਨੂੰ ਕੁਝ ਨਹੀਂ ਕਹਿਣਾ ਤਾਂ ਤੂੰ ਕਿਉਂ ਐਵੇਂ ਮੇਰੇ ਪਿੱਛੇ ਪਈ ਹੋਈ ਏਂ। ਛੱਡ ਇਹ ਕਲਪਣਾ ਕਲਪਾਉਣਾ ਤੇ ਸੌਂ ਜਾ ਇਤਮਿਨਾਨ ਨਾਲ ਤੇ ਮੈਨੂੰ ਵੀ ਸੌਣ ਦੇ। ਬੱਸ, ਹੁਣ ਇਸ ਮਸਲੇ 'ਤੇ ਕੋਈ ਗੱਲ ਨਹੀਂ ਕਰਨੀ।

ਬੇਗਮ : ਤੇਰੀ ਤਾਂ ਉਹ ਗੱਲ ਏ ਅਖੇ ਸਾਰੀ ਰਾਤ ਰੋਂਦੀ ਰਹੀ, ਮਰਿਆ ਕੋਈ ਵੀ ਨਾ। ਤੇਰੇ ਨਾਲ ਗੱਲ ਕਰਨਾ ਤਾਂ ਹਨੇਰੇ ਵਿੱਚ ਰੋਣ ਵਾਲੀ ਗੱਲ ਏ; ਅਖੇ, ਅੰਨ੍ਹਿਆਂ ਅੱਗੇ ਰੋਣਾ ਤੇ ਅੱਖੀਆਂ ਦਾ ਨਾਸ। ਤੈਨੂੰ ਕੋਈ ਫ਼ਰਕ ਨਹੀਂ ਪੈਣਾ। ਤੈਨੂੰ ਕੀ ਪਰਵਾਹ ਏ ਮੇਰੇ ਰੋਣ ਧੋਣ ਤੇ ਕਲਪਣ ਕਲਪਾਉਣ ਦੀ। ਨਵਾਬ ਸਾਹਿਬ! ਮੈਂ ਇਥੇ ਇਕ ਮਿਸਾਲ ਦੇਂਦੀ ਹਾਂ, ਚੰਗੀ ਤਰ੍ਹਾਂ ਸੁਣੋ! ਜੇ ਕਿਸੇ ਥਾਂ 'ਤੇ ਰਾਹ ਵਿੱਚ ਕਿੱਲਾ ਗੱਡਿਆ ਹੋਵੇ ਤਾਂ ਤੁਰਨ ਵਾਲੇ ਨੂੰ ਧਿਆਨ ਨਾਲ ਵੇਖ ਕੇ ਤੁਰਨਾ ਚਾਹੀਦਾ ਹੈ। ਜੇ ਅੱਖਾਂ ਮੀਟ ਕੇ ਤੁਰੇਗਾ ਤਾਂ ਠੇਢਾ ਖਾ ਕੇ ਪੈਰ ਤੁੜਵਾ ਲਵੇਗਾ। ਕਿੱਲੇ ਦਾ ਕੁਝ ਨਹੀਂ ਵਿਗੜਨਾ। ਸੋ ਤੂੰ ਜੋ ਕਦਮ ਚੁਕਣਾ ਹੈ ਸੋਚ ਕੇ ਚੁੱਕ ਐਵੇਂ ਆਪਣੀ ਬਰਬਾਦੀ ਨਾ ਕਰਵਾ ਲਈਂ। ਮੈਂ ਇਹ ਗੱਲ ਖ਼ੁਦ ਦੇਖੀ ਏ, ਜਦੋਂ ਮੈਂ ਪਹਾੜੀ ਰਾਜਿਆਂ ਦੇ ਘਰ ਨੌਕਰੀ ਕਰਦੀ ਸਾਂ ਤਾਂ ਮੈਂ ਇਹ ਖੁਦ ਵੇਖਿਆ ਸੀ ਕਿ ਜਿਹੜੇ ਰਾਜਿਆਂ ਨੇ ਗੁਰੂ ਜੀ ਨਾਲ ਕੋਈ ਪਾਪ ਕੀਤਾ ਸੀ, ਉਹ ਬਰਬਾਦ ਹੋ ਗਏ, ਪਰ ਉਸ ਸੱਚੇ ਗੁਰੂ ਦਾ ਕੁਝ ਵੀ ਨਹੀਂ ਵਿਗੜਿਆ। ਉਹਦਾ ਵਾਲ ਵੀ ਵਿੰਗਾ ਨਹੀਂ ਹੋਇਆ। ਇਸੇ ਤਰ੍ਹਾਂ ਤੂੰ ਜੇ ਇਨ੍ਹਾਂ ਬਾਲਾਂ ਨੂੰ ਕੁਝ ਕਿਹਾ ਤਾਂ ਸਾਡਾ ਵੀ ਸਭ ਕੁਝ ਨਾਸ਼ ਹੋ ਜਾਵੇਗਾ। ਮੈਨੂੰ ਤਾਂ ਇਹੋ ਡਰ ਖਾਈ ਜਾਂਦਾ ਏ ਕਿ ਕਿਤੇ ਤੇਰਾ ਵੀ ਉਹੋ ਹਾਲ ਨਾ ਹੋਵੇ, ਜੋ ਉਹਨਾਂ ਪਹਾੜੀ ਰਾਜਿਆਂ ਦਾ ਹੋਇਆ ਹੈ। ਤੈਨੂੰ ਵੀ ਦੁਖਾਂ ਨੇ ਚਾਰੇ ਪਾਸਿਉਂ ਆ ਘੇਰਨਾ ਹੈ। ਤੇਰੇ ਬਾਲ ਬੱਚੇ ਵੀ ਰੁਲ ਜਾਣਗੇ।

ਜੇ ਇਨ੍ਹਾਂ ਬੱਚਿਆਂ ਨੂੰ ਮਾਰਿਆ ਤਾਂ ਤੇਰਾ ਵੀ ਇਹੋ ਹਾਲ ਹੋਵੇਗਾ, ਯਾਦ ਰੱਖ।

ਨਵਾਬ : ਮੈਂ ਕੀ ਕਰਾਂ, ਮੈਨੂੰ ਵੀ ਕੋਈ ਸਮਝ ਨਹੀਂ ਆਉਂਦੀ ਪਈ। ਮੈਨੂੰ ਵੀ ਚਾਰ ਚੁਫੇਰੇ ਹਨੇਰਾ ਹੀ ਹਨੇਰਾ ਨਜ਼ਰ ਆਉਂਦਾ ਏ। ਪਰ ਮੈਂ ਕਰਾਂ ਕੀ, ਮੈਂ ਮਜਬੂਰ ਹਾਂ, ਲਾਚਾਰ ਹਾਂ, ਬੇਵੱਸ ਹਾਂ।

ਬੇਗਮ : ਨਵਾਬ ਸਾਹਿਬ! ਸਿਆਣੇ ਕਹਿੰਦੇ ਨੇ ਕਿ ਜੇ ਦਰਿਆ ਦੇ ਕੰਢੇ ਘਰ ਵਸਾਇਆ ਹੋਵੇ ਤਾਂ ਮਗਰਮੱਛਾਂ ਨਾਲ ਪੰਗਾ ਨਹੀਂ ਲੈਣਾ ਚਾਹੀਦਾ। ਸਮਝ ਲੈ ਕਿ ਅੱਲ੍ਹਾ ਸਮੁੰਦਰ ਹੈ ਤੇ ਰੱਬ ਦੇ ਫ਼ਕੀਰ ਮਗਰਮੱਛ ਹਨ। ਇਨ੍ਹਾਂ ਦੋਹਾਂ ਨਾਲ ਹੀ ਮੱਥਾ ਲਾਉਣਾ ਚੰਗਾ ਨਹੀਂ ਹੁੰਦਾ। ਮੈਂ ਤਾਂ ਇਹ ਕਹਿੰਦੀ ਹਾਂ ਕਿ ਆਪਣੀ ਜ਼ਿਦ ਛੱਡ ਦੇ। ਦਿਨ ਚੜ੍ਹਨ ਵਾਲਾ ਏ ਤੇ ਛੱਡ ਦੇ ਇਨ੍ਹਾਂ ਬਾਲਕਾਂ ਨੂੰ। ਖੋਲ੍ਹ ਦੇ ਪਿੰਜਰਾ ਇਨ੍ਹਾਂ ਪੰਛੀਆਂ ਦਾ। ਕਰ ਦੇ ਆਜ਼ਾਦ ਇਨ੍ਹਾਂ ਨੂੰ, ਉੱਡਣ ਦੇ ਇਨ੍ਹਾਂ ਨੂੰ ਖੁੱਲ੍ਹੇ ਆਕਾਸ਼ ਵਿੱਚ। ਭਰਨ ਦੇ ਇਨ੍ਹਾਂ ਨੂੰ ਮਿਰਗਾਂ ਵਾਂਗ ਚੁੰਗੀਆਂ। ਇਨ੍ਹਾਂ ਬਾਲਾਂ ਨੂੰ ਆਜ਼ਾਦ ਕਰਨਾ, ਸਮਝ ਲੈ ਆਪਣੇ ਉੱਤੇ ਹੀ ਮਿਹਰਬਾਨੀ ਕਰਨ ਵਾਲੀ ਗੱਲ ਹੈ। ਜੇ ਇਨ੍ਹਾਂ ਬੱਚਿਆਂ ਨੂੰ ਮਾਰ ਦਿੱਤਾ ਤਾਂ ਸਮਝ ਸਾਡਾ ਵੀ ਕਾਲ ਆ ਗਿਆ। ਬੱਚਿਆਂ ਨੂੰ ਮਾਰਨਾ ਆਪਣਾ ਖ਼ਾਨਾ ਖ਼ਰਾਬ ਕਰਨ ਵਾਲੀ ਗੱਲ ਏ। ਇਨ੍ਹਾਂ ਨੂੰ ਛੱਡ ਦਏਂਗਾ ਤਾਂ ਸਮਝ ਤੇਰਾ ਰਾਜ ਭਾਗ ਸਭ ਕੁਝ ਸਲਾਮਤ ਰਹਿ ਜਾਹੇਗਾ।
(ਨਵਾਬ ਚੁਪ ਖੜ੍ਹਾ ਆਪਣੇ ਦਿਲ ਵਿੱਚ ਵਿਚਾਰਾਂ ਕਰਦਾ ਹੈ।)

ਨਵਾਬ : ਯਾ ਅੱਲ੍ਹਾ! ਮੇਰੇ ਲਈ ਕੈਸੀ ਦੁਖ ਦੀ ਘੜੀ ਆ ਗਈ ਏ। ਮੈਂ ਕਿਥੇ ਜਾਵਾਂ। ਮੈਂ ਇਹਦੀਆਂ ਗੱਲਾਂ ਦਾ ਕੀ ਜਵਾਬ ਦੇਵਾਂ। ਮੈਨੂੰ ਤਾਂ ਇਸ ਵੇਲੇ ਕੁਝ ਨਹੀਂ ਅਹੁੜਦਾ। ਮੇਰੇ ਨਾਲ ਤਾਂ ਇਸ ਵੇਲੇ ਸੱਪ ਦੇ ਮੂੰਹ ਕਿਰਲੀ ਵਾਲੀ ਗੱਲ ਹੋਈ ਏ। ਮੈਂ ਤਾਂ ਆਪਣੇ ਜਾਲ ਵਿੱਚ ਆਪ ਹੀ ਫਸ ਗਿਆ ਹਾਂ। ਮੈਂ ਇਨ੍ਹਾਂ ਨੂੰ ਮਾਰ ਦੇਵਾਂ ਜਾਂ ਦਿੱਲੀ ਦਰਬਾਰ ਵਿੱਚ ਭੇਜ ਦਿਆਂ। ਇਹ ਬੱਚੇ ਕੋਈ ਮਾਮੂਲੀ ਬੱਚੇ ਨਹੀਂ ਹਨ। ਇਨ੍ਹਾਂ ਦੇ ਚਿਹਰੇ ਦਾ ਤੇਜ ਦੱਸਦਾ ਏ ਕਿ ਇਹ ਕੋਈ ਮਾਮੂਲੀ ਬੱਚੇ ਨਹੀਂ ਹਨ। ਇਨ੍ਹਾਂ ਨੂੰ ਨਾ ਤਾਂ ਮੇਰਾ ਕੋਈ ਖ਼ੌਫ ਏ ਤੇ ਨਾ ਹੀ ਇਹ ਮੌਤ ਤੋਂ ਡਰਦੇ ਨੇ, ਕੀ ਕਰਾਂ? ਮੈਂ ਕਿਥੇ ਜਾਵਾਂ? ਮੈਨੂੰ ਕੁਝ ਨਹੀਂ ਅਹੁੜਦਾ, ਕੁਝ ਨਹੀਂ ਸੁੱਝਦਾ ਯਾ ਮੇਰੇ ਮੌਲਾ! ਮੈਂ ਕਿਧਰ ਜਾਵਾਂ। ਤੂੰ ਹੀ ਕੋਈ ਰਾਹ ਦੱਸ ਮੇਰੇ ਮਾਲਕਾ! ਮੇਰੀ ਮੁਸ਼ਕਿਲ ਕਰ ਆਸਾਨ।
(ਚੁਪ-ਸਨਾਟਾ ਛਾ ਜਾਂਦਾ ਹੈ)

ਬੇਗਮ : (ਕੁਝ ਚਿਰ ਮਗਰੋਂ) ਕੀ ਸੋਚ ਰਹੇ ਹੋ ਮੇਰੇ ਨਵਾਬ ਜੀ। ਖਿੱਦੋ ਵਾਂਗ ਉਛਾਲੀ ਆਪਣੀ ਅਕਲ ਨੂੰ ਆਪ ਹੀ ਥੋਚ ਲਵੋ। ਮੈਂ ਬਾਰ ਬਾਰ ਕਹਿੰਦੀ ਹਾਂ ਜੇ ਤੁਸਾਂ ਇਨ੍ਹਾਂ ਬੱਚਿਆਂ ਨੂੰ ਮਾਰਿਆ ਤਾਂ ਤੁਹਾਡਾ ਰਾਜ ਭਾਗ ਸਭ ਨਸ਼ਟ ਹੋ ਜਾਣਾ ਜੇ। ਆਪਣੇ ਬੋਲਾਂ ਦੀ ਲਾਜ ਰੱਖੋ, ਜੋ ਤੁਸਾਂ ਮੇਰੇ ਨਾਲ ਕੀਤੇ ਹਨ। ਮੇਰੀ ਅਰਜ਼ 'ਤੇ, ਮੇਰੀ ਬੇਨਤੀ 'ਤੇ ਵਿਚਾਰ ਕਰੋ। ਤੁਹਾਡੇ ਝੂਠੇ ਖੁਸ਼ਾਮਦੀ ਜੋ ਤੂਤਨੀਆਂ ਵਜਾਉਂਦੇ ਫਿਰਦੇ ਨੇ, ਇਨ੍ਹਾਂ ਨੂੰ ਕਿਸੇ ਨੇ ਨਹੀਂ ਜੇ ਪੁੱਛਣਾ। ਕਾਹਲੀ ਅਗੇ, ਸਿਆਣੇ ਕਹਿੰਦੇ ਨੇ, ਟੋਏ ਹੁੰਦੇ ਨੇ। ਸੋ ਸੋਚ ਲਉ। ਆਪਣੇ ਮਨ ਦੇ ਘੋੜੇ ਦੀਆਂ ਵਾਗਾਂ ਖਿੱਚ ਕੇ ਰੱਖੋ ਤੇ ਟੋਏ ਟਿੱਬੇ ਵੇਖ ਕੇ ਘੋੜਾ ਦੌੜਾਉ। ਮੈਂ ਜਦੋਂ ਆਉਣ ਵਾਲੇ ਵਕਤ ਬਾਰੇ ਸੋਚਦੀ ਹਾਂ ਤਾਂ ਡਰ ਡਰ ਉੱਠਦੀ ਹਾਂ। ਬਾਹਰੋਂ ਮਿੱਠੇ ਦਿਸਦੇ ਫਲ ਅੰਦਰੋਂ ਕਈ ਵਾਰ ਜ਼ਹਿਰੀਲੇ ਹੁੰਦੇ ਨੇ। ਜ਼ਰਾ ਸੋਚ ਲਉ।

(ਚੁੱਪ ਛਾ ਜਾਂਦੀ ਏ)

ਨਵਾਬ : (ਕੁਝ ਪਲਾਂ ਮਗਰੋਂ) ਵਾਹ! ਸੁੱਝ ਗਈ ਏ ਮੈਨੂੰ ਇਕ ਤਰਕੀਬ! ਉਰਾਂ ਆ ਕੰਨ ਕਰ, ਤੈਨੂੰ ਦੱਸਾਂ ਤੇਰੇ ਕੰਨ ਵਿੱਚ। ਮੈਂ ਇਨ੍ਹਾਂ ਬੱਚਿਆਂ ਨੂੰ ਆਪਣੇ ਵੱਸ ਕਰ ਲਵਾਂਗਾ, ਜਿਵੇਂ ਮਾਂਦਰੀ ਸੱਪ ਨੂੰ ਕੀਲ ਲੈਂਦਾ ਏ, ਮੈਂ ਇਨ੍ਹਾਂ ਨੂੰ ਧਨ ਦੌਲਤ ਦਾ ਲਾਲਚ ਦੇ ਕੇ ਆਪਣੇ ਜਾਲ ਵਿੱਚ ਫਸਾ ਲਵਾਂਗਾ। ਮੈਂ ਇਨ੍ਹਾਂ ਬੱਚਿਆਂ ਨੂੰ ਆਪਣੀ ਗੋਦ ਵਿੱਚ ਬਿਠਾ ਕੇ ਪਰਚਾਵਾਂਗਾ, ਲਾਡ ਲਡਾਵਾਂਗਾ। ਆਪੇ ਪਿਘਲ ਜਾਣਗੇ। ਮੈਂ ਫਿਰ ਇਨ੍ਹਾਂ ਨੂੰ ਤੇਰੇ ਕੋਲ ਲੈ ਆਵਾਂਗਾ। ਤੂੰ ਵੀ ਇਨ੍ਹਾਂ ਨੂੰ ਆਪਣੇ ਬੱਚਿਆਂ ਵਾਂਗ ਲਾਡ ਲਡਾਵੀਂ। ਤੂੰ ਹੁਣ ਗੁੱਸੇ ਗਿਲੇ ਛੱਡ ਤੇ ਦੱਸ ਕੈਸੀ ਲੱਗੀ ਮੇਰੀ ਇਹ ਤਰਕੀਬ! ਹੁਣ ਤਾਂ ਹੱਸ ਕੇ ਵਿਖਾ। ਇਸ ਤਰ੍ਹਾਂ ਕਰ ਕੇ ਮੈਂ ਸੱਪ ਨੂੰ ਵੀ ਮਾਰ ਲਵਾਂਗਾ ਤੇ ਸੋਟੀ ਨੂੰ ਵੀ ਬਚਾ ਲਵਾਂਗਾ।

(ਬੇਗਮ ਕੁਝ ਚਿਰ ਲਈ ਚੁੱਪ ਰਹਿੰਦੀ ਹੈ)

ਬੇਗਮ : (ਮੂੰਹ ਫੇਰਦਿਆਂ) ਤੁਹਾਡੀ ਤਰਕੀਬ ਤਾਂ ਸਲਾਹੁਣਯੋਗ ਹੈ, ਪਰ ਇਹ ਸਿਰੇ ਨਹੀਂ ਚੜ੍ਹ ਸਕਣੀ। ਮੈਂ ਇਨ੍ਹਾਂ ਬੱਚਿਆਂ ਨੂੰ ਗੁਰੂ ਦੇ ਮਹੱਲਾਂ ਵਿੱਚ ਖੇਡਦਿਆਂ ਦੇਖਿਆ ਹੈ। ਉਨ੍ਹਾਂ ਦੇ ਸੁਭਾਅ ਤੋਂ ਮੈਂ ਚੰਗੀ ਤਰ੍ਹਾਂ ਵਾਕਫ਼ ਹਾਂ। ਉਨ੍ਹਾਂ ਦੇ ਬੋਲਾਂ 'ਚੋਂ ਫੁੱਲ ਝੜਦੇ ਨੇ। ਉਹ ਕਿਸੇ ਝਾਂਸੇ ਵਿੱਚ ਆਉਣ ਵਾਲੇ ਨਹੀਂ। ਉਹ ਇਕ ਅਵਤਾਰ ਦੇ ਪੁੱਤਰ ਨੇ, ਉਨ੍ਹਾਂ ਨੂੰ ਭਰਮਾਇਆ, ਵਰਗਲਾਇਆ ਨਹੀਂ ਜਾ ਸਕਦਾ। ਤੁਸੀਂ ਵੇਖ ਲੈਣਾ ਉਹ ਸਿਰ ਦੇ ਦੇਣਗੇ, ਪਰ ਆਪਦਾ ਧਰਮ ਨਹੀਂ ਛੱਡਣਗੇ। ਮੈਂ ਪੂਰਾ ਜ਼ੋਰ ਲਾ ਕੇ ਤੈਨੂੰ ਕਹਿੰਦੀ ਹਾਂ। ਮੈਂ ਤਾਂ ਆਪਣਾ ਧਰਮ ਈਮਾਨ ਸਭ ਕੁਝ ਛੱਡ ਚੁੱਕੀ ਹਾਂ, ਭਾਵੇਂ ਕਿ ਇਸ ਵਿੱਚ

www.punjabilibrary.com

ਮੇਰਾ ਕੋਈ ਕਸੂਰ ਨਹੀਂ, ਪਰ ਆਪਣੀ ਅਣਖ ਨੂੰ ਤਿਆਗਣਾ ਕਾਇਰਤਾ ਹੈ। ਖੈਰ, ਜੋ ਕੁਝ ਹੋਇਆ, ਸੋ ਹੋਇਆ। ਹੁਣ ਸੱਪ ਦੇ ਲੰਘ ਜਾਣ 'ਤੇ ਲਕੀਰ ਨੂੰ ਪਿੱਟਣ ਦਾ ਕੀ ਫ਼ਾਇਦਾ। ਮੈਂ ਨਹੀਂ ਚਾਹੁੰਦੀ ਕਿ ਕਿਸੇ ਨੂੰ ਆਪਣਾ ਧਰਮ ਛੱਡਣ ਲਈ ਮਜਬੂਰ ਕੀਤਾ ਜਾਵੇ। ਕੱਚੇ ਫਲ ਤੇ ਫੁੱਲ ਨੂੰ ਡਾਲੀ ਨਾਲੋਂ ਤੋੜਨਾ ਬੜਾ ਵੱਡਾ ਪਾਪ ਹੈ। ਮੈਂ ਇਹ ਨਹੀਂ ਕਰ ਸਕਦੀ। ਮੈਂ ਤਾਂ ਇਹੋ ਚਾਹੁੰਦੀ ਹਾਂ ਕਿ ਇਨ੍ਹਾਂ ਮਾਸੂਮਾਂ ਨੂੰ ਛੱਡ ਦਿੱਤਾ ਜਾਵੇ। ਇਨ੍ਹਾਂ ਨੂੰ ਛੱਡ ਦੇਣਾ ਸਭ ਤੋਂ ਵੱਡੀ ਇਨਸਾਨੀ ਖਿਦਮਤ ਏ।

ਨਵਾਬ : ਹੋਸ਼ ਸੰਭਾਲ ਬੇਗਮੇਂ! ਐਵੇਂ ਇਹੋ ਜਿਹੀਆਂ ਪੁੱਠੀਆਂ ਗੱਲਾਂ ਨਾ ਕਰ। ਮੁੱਲਾਂ ਤੇ ਕਾਜ਼ੀਆਂ ਨੂੰ ਜੇ ਪਤਾ ਲੱਗ ਗਿਆ ਤਾਂ ਉਹ ਮੇਰਾ ਬੁਰਾ ਹਾਲ ਕਰ ਦੇਣਗੇ। ਤੂੰ ਹੁਣ ਹਿੰਦੂ ਨਹੀਂ ਰਹੀ। ਤੂੰ ਇਕ ਪਾਕਬਾਜ਼ ਮੋਮਨ ਏਂ, ਮੁਸਲਮਾਨ ਏਂ। ਸ਼ਰ੍ਹਾ ਦੀ ਲਾਜ ਰੱਖਣਾ ਤੇਰਾ ਹੁਣ ਫ਼ਰਜ਼ ਏ। ਸਾਡਾ ਮਜ਼ਹਬ ਕਿਸੇ ਗੱਲੋਂ ਘੱਟ ਨਹੀਂ ਏ ਤੂੰ ਹੁਣ ਇਸ ਦੇ ਹੀ ਕਾਇਦੇ ਕਾਨੂੰਨਾਂ ਦੀ ਗੱਲ ਕਰਨੀ ਏਂ। ਹੁਣ ਭੁੱਲ ਜਾ ਕਿ ਤੂੰ ਹੁਣ ਹਿੰਦੂ ਏਂ। ਛੱਡ ਦੇ ਹੁਣ ਆਪਣੀ ਇਹ ਜ਼ਿਦਬਾਜ਼ੀ। ਬਹੁਤੀ ਅੜੀ ਚੰਗ ਨਹੀਂ ਹੁੰਦੀ (ਨੇੜੇ ਹੋਇਆਂ) ਹਾਲਤ ਦੀ ਨਜ਼ਾਕਤ ਨੂੰ ਸਮਝਣ ਦੀ ਕੋਸ਼ਿਸ਼ ਕਰ।

ਬੇਗਮ : ਸੱਚ ਹੈ, ਸੱਚ ਹੈ, ਜੋ ਕੁਝ ਤੁਸੀਂ ਕਹਿੰਦੇ ਹੋ, ਬਿਲਕੁਲ ਸੱਚ ਹੈ। ਮੈਨੂੰ ਤਾਂ ਡਰਾ ਧਮਕਾ ਕੇ, ਮਾਰ ਕੁੱਟ ਕੇ ਤੁਸਾਂ ਆਪਣਾ ਧਰਮ ਛੱਡਣ ਲਈ ਮਜਬੂਰ ਕੀਤਾ ਸੀ। ਮੈਂ ਹੁਣ ਤੁਹਾਡੀ ਬੰਦੀ ਹਾਂ, ਤੁਹਾਡੀ ਗ਼ੁਲਾਮ ਹਾਂ। ਹੁਣ ਸਾਰੀ ਦੁਨੀਆ ਵਿੱਚ ਤੁਸੀਂ ਮੈਨੂੰ ਸਭ ਤੋਂ ਵੱਧ ਚੰਗੇ ਲੱਗਦੇ ਹੋ। ਪਰ ਜੋ ਕੁਝ ਵਾਪਰਿਆ ਹੈ, ਉਸ ਬਾਰੇ ਕਹਿਣਾ ਕੋਈ ਪਾਪ ਨਹੀਂ। ਹੱਛਾ, ਛੱਡੋ ਇਨ੍ਹਾਂ ਗੱਲਾਂ ਨੂੰ, ਸੌਂ ਜਾਉ। ਰਾਤ ਕਾਫ਼ੀ ਬੀਤ ਗਈ ਏ। ਤੁਸੀਂ ਸਵੇਰੇ ਜਾਂਦੇ ਹੀ ਇਨ੍ਹਾਂ ਬੱਚਿਆਂ ਨੂੰ ਛੱਡ ਦੇਣਾ। ਇਹ ਹੀ ਇਕ ਨੇਕ ਕੰਮ ਏ ਜੋ ਰੱਬ ਨੂੰ ਤੇ ਬਾਕੀ ਸਾਰੀ ਦੁਨੀਆ ਨੂੰ ਚੰਗਾ ਲੱਗਦਾ ਏ।

ਨਵਾਬ : ਚੰਗਾ, ਚੰਗਾ, ਮੇਰੀ ਜਾਨ! ਮੈਂ ਸਵੇਰੇ ਹੀ ਇਨ੍ਹਾਂ ਬੱਚਿਆਂ ਨੂੰ ਛੱਡ ਦਿਆਂਗਾ। ਵੈਸੇ ਵੀ ਤੇਰਾ ਮਾਨ ਰੱਖਣਾ ਮੇਰਾ ਧਰਮ ਏ, ਮੇਰਾ ਈਮਾਨ ਹੈ, ਮੇਰੀ ਖੁਸ਼ੀ ਹੈ। (ਨਵਾਬ ਫਿਰ ਅਪਾਣੇ ਆਪ ਨਾਲ ਗੱਲਾਂ ਕਰਦਾ ਹੈ) ਕੋਈ ਰਾਹ ਜ਼ਰੂਰ ਕੱਢਾਂਗਾ ਜਿਸ ਨਾਲ ਮੈਂ ਦੋਹਾਂ ਪਾਸਿਆਂ ਤੋਂ ਬਚ ਜਾਵਾਂ। ਮੈਂ ਬੇਗਮ ਕੋਲ ਜਿਹੜੀ ਕਸਮ ਖਾਧੀ ਹੈ, ਉਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਜ਼ਰੂਰ ਪੂਰੀ ਕਰਾਂਗਾ।

ਅੰਕ ਦੂਜਾ

ਸਥਾਨ : ਸਰਹੰਦ ਦਾ ਰਾਜ ਭਵਨ-ਦੀਵਾਨਿ ਖ਼ਾਸ
(ਇਥੇ ਇਕੱਠੇ ਹੁੰਦੇ ਹਨ, ਕਾਜ਼ੀ, ਮੁੱਲਾਂ ਅਤੇ ਹੋਰ ਅਮੀਰ ਵਜ਼ੀਰ ਤੇ ਕਰਦੇ ਹਨ ਵਿਚਾਰ ਵਟਾਂਦਰਾ)

ਮੁੱਲਾ ਜ਼ਹੀਰੁੱਦੀਨ : ਐ ਦੀਨ ਇਸਲਾਮ ਵਿੱਚ ਈਮਾਨ ਰੱਖਣ ਵਾਲੇ ਇਥੇ ਬੈਠੇ ਮੇਰੇ ਸਾਥੀਓ! ਮੇਰੀ ਗੱਲ ਜ਼ਰਾ ਧਿਆਨ ਨਾਲ ਸੁਣ ਲੈਣਾ, ਜੋ ਕੁਝ ਨਵਾਬ ਦੇ ਮਹੱਲ ਵਿੱਚ ਇਸ ਰਾਤ ਨੂੰ ਵਾਪਰਿਆ ਹੈ, ਉਸ ਨੂੰ ਧਿਆਨ ਨਾਲ ਸੁਣ ਲਉ। ਨਵਾਬ ਨੇ ਜਿਹੜੀ ਹਿੰਦੂ ਔਰਤ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਕੇ ਆਪਣੀ ਬੇਗਮ ਬਣਾਇਆ ਸੀ, ਉਹ ਹੁਣ ਦੀਨਿ ਇਸਲਾਮ ਤੋਂ ਬਾਹਰ ਹੋ ਗਈ ਜੇ। ਉਹ ਨਵਾਬ ਨਾਲ ਸਾਰੀ ਰਾਤ ਇਸ ਗੱਲ 'ਤੇ ਲੜਦੀ ਰਹੀ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਜਿਹੜੇ ਬੱਚੇ ਉਸ ਨੇ ਫੜੇ ਹਨ, ਉਨ੍ਹਾਂ ਨੂੰ ਛੱਡ ਦਿੱਤਾ ਜਾਵੇ। ਪਰ ਤੁਸੀਂ ਸਾਰੇ ਮੇਰੀ ਗੱਲ ਸੁਣ ਲਉ, ਉਹ ਆਪਣੇ ਬਾਪ ਵਾਂਗ ਹੀ ਸੂਰਬੀਰ ਨੇ। ਜੇ ਇਨ੍ਹਾਂ ਨੂੰ ਛੱਡ ਦਿੱਤਾ ਗਿਆ ਤਾਂ ਇਹ ਜ਼ਰੂਰ ਸਾਡੇ ਨਾਲ ਜੰਗ ਕਰਨਗੇ ਤੇ ਯਕੀਨਨ ਹੀ ਉਹ ਸਾਨੂੰ ਮਾਰ ਮੁਕਾਉਣਗੇ। ਸਾਡਾ ਮੁਗਲਪੁਣਾ ਸਭ ਨਿਕਲ ਜਾਏਗਾ ਤੇ ਸਾਡੀ ਔਲਾਦ ਨੂੰ ਦੁੱਖ ਭੋਗਣੇ ਪੈਣਗੇ। ਸੋ ਮੇਰੇ ਭਾਈਓ! ਮੇਰੀ ਇਹ ਗੱਲ ਸੁਣ ਲਉ ਕਿ ਇਨ੍ਹਾਂ ਜੰਮਦੀਆਂ ਸੂਲਾਂ ਨੂੰ ਮਾਰ ਮੁਕਾਉਣਾ ਹੀ ਬਿਹਤਰ ਹੈ। ਸਾਡੇ ਸਾਰਿਆਂ ਦੇ ਫਾਇਦੇ ਵਾਲਾ ਕੰਮ ਹੈ।

ਕਾਜ਼ੀ ਰੁਕਨਦੀਨ : ਬਹੁਤ ਬੜੀਆ ਬਾਤ ਕਹੀ ਹੈ ਆਪ ਨੇ। ਆਪ ਦੀ ਅਕਲ ਤੋਂ ਕੁਰਬਾਨ। ਤੁਸਾਂ ਬੇਗਮ ਤੇ ਉਸਦੇ ਬੇਗੇ ਦੀ ਗੱਲ ਠੀਕ ਸੁਣਾਈ ਹੈ। ਸਾਰੇ ਮਿਲ ਕੇ ਸੋਚ ਲਉ। ਨਵਾਬ ਆਉਂਦਾ ਏ ਤਾਂ ਸਾਰੇ ਰਲ ਕੇ ਉਹਦੇ ਅੱਗੇ ਪੁਕਾਰ ਕਰੋ ਕਿ ਇਨ੍ਹਾਂ ਖਤਰਨਾਕ ਬੱਚਿਆਂ ਨੂੰ ਮਾਰ ਦੇਣ ਵਿੱਚ ਹੀ ਸਾਡਾ ਸਭ ਦਾ ਭਲਾ ਏ।

ਦੀਵਾਨ ਸੁੱਚਾ ਨੰਦ : ਤੁਹਾਡੀ ਗੱਲ ਬਿਲਕੁਲ ਠੀਕ ਹੈ। ਕਲੀ ਨੂੰ ਫ਼ਲੀ ਬਣਨ ਤੋਂ ਪਹਿਲਾਂ ਹੀ ਤੋੜ ਦੇਣਾ ਚੰਗਾ ਹੁੰਦਾ ਏ। ਹੁਣ ਵੇਲਾ ਜੇ, ਪਿਛੋਂ ਵਿਚਾਰ ਕਰਨ ਦਾ, ਦਲੀਲਾਂ ਦੇਣ ਦਾ ਕੋਈ ਫ਼ਾਇਦਾ ਨਹੀਂ। ਇਹ ਕੈਸਾ ਫ਼ਕੀਰ ਏ, ਜਿਸ ਨੇ ਬਾਦਸ਼ਾਹਤ ਨੂੰ ਵਖਤ ਪਾ ਛੱਡਿਆ ਏ। ਇਹ ਬੱਚੇ ਵੱਡੇ ਹੋ ਕੇ ਆਪ ਤਾਂ ਅਮੀਰੀਆਂ ਭੋਗਣਗੇ ਤੇ ਸਾਨੂੰ ਕੱਢਣਗੇ ਦੇਸ਼ੋਂ ਬਾਹਰ। ਇਨ੍ਹਾਂ ਨੂੰ ਕਹੋ ਕਿ ਇਹ ਖ਼ੁਦਾ ਦਾ ਕਲਮਾ ਪੜ੍ਹ ਲੈਣ ਤੇ ਬਣ ਜਾਣ ਖ਼ੁਦਾਪ੍ਰਸਤ ਮੁਸਲਮਾਨ। ਇਨ੍ਹਾਂ ਨੂੰ ਜੀਂਦਿਆਂ ਛੱਡ ਦੇਣਾ ਪਾਪ ਏ। ਮਾੜੇ ਪੌਦੇ ਨੂੰ ਉੱਗਣ ਸਮੇਂ ਹੀ ਪੁੱਟ ਦੇਣਾ ਚੰਗਾ ਹੈ। ਇਸ ਬਾਰੇ ਹੁਣ ਬਹੁਤੀ ਦਲੀਲਬਾਜ਼ੀ ਦੀ ਕੋਈ ਗੁੰਜਾਇਸ਼ ਨਹੀਂ ਰਹੀ।

ਅਮੀਰ ਰਫ਼ੀਉੱਦੀਨ : ਅਸੀਂ ਸਾਰੇ ਤੁਹਾਡੇ ਨਾਲ ਸਹਿਮਤ ਹਾਂ। ਅਸੀਂ ਨਵਾਬ ਨੂੰ ਇਹੋ ਹੀ ਸਲਾਹ ਦਿਆਂਗੇ। ਉਸ ਭੈੜੀ ਔਰਤ ਨੇ, ਉਸ ਉੱਤੇ ਜਿਹੜਾ ਜਾਦੂ ਕੀਤਾ ਹੋਇਆ ਹੈ, ਸਭ ਲਾਹ ਦਿਆਂਗੇ। ਉਹਦੇ ਰਾਤ ਨੂੰ ਮਹੱਲਾਂ 'ਚ ਜਾਣ ਤੋਂ ਪਹਿਲਾਂ ਹੀ ਬੱਚਿਆਂ ਨੂੰ ਕਤਲ ਕਰਾ ਦਿਆਂਗੇ। ਫਿਰ ਉਹ ਭੈੜੀ ਔਰਤ ਕਾਫ਼ਰਾਂ ਦੀ ਧੀ, ਆਪੇ ਹੋ ਜਾਊ ਠੰਢੀ। ਰੋ ਧੋ ਕੇ ਕਰ ਜਾਊ ਆਪੇ ਹੀ ਚੁੱਪ। ਸਾਨੂੰ ਉਹਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ।

ਨਵਾਬ ਮਲੇਰਕੋਟਲਾ : ਇਹ ਤਾਂ ਠੀਕ ਹੈ ਕਿ ਤੁਸਾਂ ਇਹ ਪਾਪ ਕਮਾਉਣ ਦਾ ਗੁਨਾਹ ਕਰਨ ਦਾ ਮਤਾ ਪਕਾ ਲਿਆ ਏ, ਪਰ ਜਾਪਦਾ ਏ ਤੁਸਾਂ ਖ਼ੁਦਾਵੰਦ ਕਰੀਮ ਦੇ ਇਨਸਾਫ਼ ਨੂੰ ਭੁਲਾ ਛੱਡਿਆ ਏ। ਤੀਵੀਂ ਤੇ ਬੱਚਿਆਂ ਨੂੰ ਮਾਰਨਾ ਬਹਾਦਰਾਂ ਦਾ ਕੰਮ ਨਹੀਂ। ਮਾਸੂਮਾਂ 'ਤੇ ਹੱਥ ਚੁੱਕਣਾ ਤੇ ਉਨ੍ਹਾਂ ਨੂੰ ਕਤਲ ਕਰਨਾ ਸ਼ੋਭਾ ਨਹੀਂ ਦਿੰਦਾ। ਕੁਝ ਸ਼ਰਮ ਕਰੋ। ਖ਼ੁਦਾ ਦਾ ਖੌਫ਼ ਖਾਉ। ਮੈਂ ਤੁਹਾਡੇ ਇਸ ਨਾਪਾਕ ਕੰਮ ਵਿੱਚ ਕੋਈ ਹਾਮੀ ਨਹੀਂ ਭਰਾਂਗਾ। ਮੈਂ ਤਾਂ ਬਾਹਾਂ ਉੱਚੀਆਂ ਚੁੱਕ ਕੇ ਦੁਹਾਈ ਦਿਆਂਗਾ ਤੇ ਰੋਕਾਂਗਾ ਤੁਹਾਨੂੰ ਸਾਰਿਆਂ ਨੂੰ ਇਹ ਪਾਪ ਕਰਨ ਤੋਂ। ਸੋ ਹੋਸ਼ ਕਰੋ ਮੇਰੇ ਦੋਸਤੋ ! ਇਸ ਅਜ਼ੀਮ ਗੁਨਾਹ ਦੇ ਭਾਗੀਦਾਰ ਨਾ ਬਣੋ।

(ਇਕ ਚੋਬਦਾਰ ਪ੍ਰਵੇਸ ਕਰਦਾ ਹੈ)

ਚੋਬਦਾਰ : ਮੁਗਲਾਂ ਦਾ ਰਾਜ ਜੁਗਾਂ ਤਕ ਕਾਇਮ ਰਹੇ। ਉਨ੍ਹਾਂ ਦਾ ਡੰਕਾ ਦੁਨੀਆ 'ਚ ਵੱਜਦਾ ਰਹੇ। ਸ਼ਾਹੀ ਨਿਸ਼ਾਨ ਝੂਲਦੇ ਰਹਿਣ। ਬਾ

ਮੁਲਾਹਜ਼ਾ ਹੋ ਹੁਸ਼ਿਆਰ, ਖ਼ਬਰਦਾਰ ਨਵਾਬ ਸਾਹਿਬ ਸੂਬਾ ਸਰਹੰਦ ਤਸ਼ਰੀਫ਼ ਲਿਆ ਰਹੇ ਹਨ।
(ਨਵਾਬ ਦਰਬਾਰ ਵਿੱਚ ਦਾਖ਼ਲ ਹੁੰਦਾ ਹੈ ਤੇ ਸਾਰੇ ਅਦਬ ਸਤਿਕਾਰ ਲਈ ਉੱਠ ਖਲੋਂਦੇ ਹਨ।)

ਸਾਰੇ ਦਰਬਾਰੀ : ਆਦਾਬ ਹਜ਼ੂਰ! ਜੁਗ ਜੁਗ ਹਕੂਮਤ ਕਾਇਮ ਰਹੇ।
ਆਦਾਬ! ਸੂਰਜ ਵਾਂਗ ਤੁਹਾਡਾ ਇਕਬਾਲ ਬੁਲੰਦ ਰਹੇ।

ਨਵਾਬ : ਹਕੂਮਤ ਕਰਨਾ ਵੀ ਇਕ ਅਜ਼ਾਬ ਏ, ਮੁਸੀਬਤ ਏ! ਖ਼ੁਦਾ ਦੀ ਖ਼ਲਕਤ ਨੂੰ ਸਾਂਭਣਾ ਬੜਾ ਮੁਸ਼ਕਿਲ ਕੰਮ ਏ। ਨਾ ਦਿਨੇ ਚੈਨ, ਨਾ ਰਾਤ ਨੂੰ ਚੈਨ। ਇਨਸਾਫ਼ ਦੇ ਰਾਹ 'ਤੇ ਤੁਰ ਕੇ, ਇਨਸਾਫ਼ ਦੀ ਤੱਕੜੀ ਤੋਲਣਾ ਕਿੰਨਾ ਜੋਖਮ ਵਾਲਾ ਕੰਮ ਏ। ਦੇਸ਼ ਨੂੰ ਸੁਖੀ ਤੇ ਖੁਸ਼ ਰੱਖਣਾ ਵੀ ਬੜਾ ਨਾਜ਼ੁਕ ਮਸਲਾ ਏ। ਅੱਲ੍ਹਾ ਤਾਅਲਾ ਦੀ ਰਹਿਮਤ ਨਾਲ ਜੇ ਸਾਰੇ ਕੰਮ ਨਿਭ ਜਾਣ ਤਾਂ ਬੜਾ ਚੰਗਾ ਏ। ਵੈਸੇ ਹਰ ਵੇਲੇ ਸਾਹ ਸੁੱਕਿਆ ਰਹਿੰਦਾ ਏ। ਠੀਕ ਹੀ ਕਹਿੰਦੇ ਨੇ ਜਿੰਨਾ ਵੱਡਾ ਸਿਰ, ਉਨ੍ਹੀਆਂ ਵੱਡੀਆਂ ਸਿਰ ਪੀੜਾਂ।

ਵਜ਼ੀਰ : ਹਜ਼ੂਰ ਆਪ ਤਾਂ ਅਕਲਾਂ ਦੇ ਕੋਟ ਹੋ, ਸਭ ਇਲਮ ਜਾਣਦੇ ਹੋ। ਹਜ਼ੂਰ ਦੇ ਰਾਜ ਵਿੱਚ ਸਭ ਖ਼ੁਸ਼ ਹਨ। ਹਾਕਮ ਅਤੇ ਖ਼ੁਦਾਪ੍ਰਸਤ ਲੋਕ, ਕਾਫ਼ਰਾਂ ਦੀਆਂ ਜੜ੍ਹਾਂ ਚੰਗੀ ਤਰ੍ਹਾਂ ਪੁੱਟ ਰਹੇ ਹਨ। ਤੁਹਾਡੇ ਸਿਰ ਤੇ ਚਾਰ ਯਾਰਾਂ ਦੀ ਰਹਿਮਤ ਏ, ਜੋ ਤੁਹਾਡੇ ਕੋਲੋਂ ਸ਼ਰ੍ਹਾ ਮੁਤਾਬਿਕ ਕੰਮ ਕਰਵਾ ਰਹੇ ਹਨ।

ਸਾਰੇ : ਧੰਨ ਹੋ ਤੁਸੀਂ, ਧੰਨ ਤੁਹਾਡਾ ਰਾਜ! ਅਸੀਂ ਤਾਂ ਖ਼ੁਦਾ ਅੱਗੇ ਦੁਆ ਕਰਦੇ ਹਾਂ ਕਿ ਜ਼ਮੀਨ ਤੋਂ ਆਸਮਾਨ ਤਕ ਤੁਹਾਡੀ ਹਕੂਮਤ ਹੋਵੇ ਤੇ ਤੁਹਾਡਾ ਇਕਬਾਲ ਬੁਲੰਦ ਹੋਵੇ। ਤੁਹਾਡਾ ਦਬਦਬਾ, ਤੁਹਾਡਾ ਰੋਅਬ ਹਮੇਸ਼ਾ ਕਾਇਮ ਰਹੇ।

ਨਵਾਬ : ਅਸੀਂ ਜਿਸ ਜਗ੍ਹਾ ਤੇ ਬੈਠੇ ਹਾਂ, ਇਹ ਗੁਪਤ ਜਗ੍ਹਾ ਹੈ। ਮੈਂ ਇਥੇ ਸਿਰਫ਼ ਤੁਹਾਡੇ ਵਰਗੇ ਗਿਣੇ ਚੁਣੇ ਲੋਕਾਂ ਨੂੰ ਹੀ ਬੁਲਾਇਆ ਹੈ। ਮੈਂ ਇਸ ਵੇਲੇ ਬੜੀ ਵੱਡੀ ਮੁਸ਼ਕਿਲ ਵਿੱਚ ਹਾਂ। ਸੋਚ ਸਮਝ ਕੇ ਇਸ ਦਾ ਕੋਈ ਹੱਲ ਦੱਸੋ। ਬੱਚਿਆਂ ਦੀ ਜਾਨ ਲੈਣ ਵਾਲਾ ਕੰਮ ਲੋਕਾਂ ਨੂੰ ਚੰਗਾ ਨਹੀਂ ਲੱਗਦਾ। ਦੱਸੋ ਮੈਂ ਕੀ ਕਰਾਂ? ਮੇਰੀ ਤਾਂ ਜਾਨ ਕੁੜਿੱਕੀ 'ਚ ਫਸੀ ਹੋਈ ਏ।

ਮੁੱਲਾਂ : ਜਨਾਬ! ਇਹਦੇ ਵਿੱਚ ਕੋਈ ਸ਼ੱਕ ਨਹੀਂ ਕਿ ਤੁਸੀਂ ਬੜੇ ਰਹਿਮ ਦਿਲ ਇਨਸਾਨ ਹੋ। ਵੈਰੀ ਨੂੰ ਜਿੱਤ ਕੇ ਵੀ ਤੁਸੀਂ ਉਸ ਉੱਤੇ ਰਹਿਮ ਕਰਦੇ ਹੋ। ਪਰ ਇਥੇ ਰਹਿਮ ਕਰਨ ਵਾਲੀ ਗੱਲ ਬੜੀ ਨਾਜ਼ੁਕ ਹੈ। ਬਜ਼ੁਰਗਾਂ ਦਾ ਕੌਲ ਏ ਗ਼ਲਤ ਥਾਂ 'ਤੇ ਕੀਤੀ ਦਇਆ ਕਈ ਵਾਰ ਪੁੱਠੀ ਵੀ ਪੈ ਜਾਂਦੀ ਏ। ਕੀਤਾ ਹੋਇਆ ਪੁੰਨ ਕਈ ਵਾਰ ਪਾਪ ਬਣ ਜਾਂਦਾ ਏ।

ਕਾਜ਼ੀ : ਮੇਰੀ ਵੀ ਇਹੋ ਹੀ ਰਾਇ ਹੈ। ਭਾਵੇਂ ਬਾਦਸ਼ਾਹ ਹੀ ਲੋਕਾਂ ਉੱਤੇ ਰਹਿਮ ਕਰਦੇ ਆਏ ਹਨ ਮਗਰ ਗ਼ਲਤ ਥਾਂ ਤੇ ਕੀਤਾ ਰਹਿਮ ਕਈ ਵਾਰ ਬਾਦਸ਼ਾਹੀਆਂ ਨੂੰ ਡੋਬ ਦਿੰਦਾ ਹੈ। ਸਭ ਕੁਝ ਨੇਸਤੋ ਨਾਬੂਦ ਕਰ ਦਿੰਦਾ ਹੈ।

ਮੁਫ਼ਤੀ : ਇਹ ਬਿਲਕੁਲ ਦਰੁਸਤ ਹੈ। ਗ਼ਲਤ ਜਗ੍ਹਾ 'ਤੇ ਰਹਿਮ ਕਦੇ ਨਹੀਂ ਕਰਨਾ ਚਾਹੀਦਾ। ਸ਼ਰਾ ਤਾਂ ਕਹਿੰਦੀ ਏ ਕਿ ਬੁਰੇ ਆਦਮੀ ਦੀ ਬੁਰਾਈ ਦਾ ਦੁੱਖ ਸਹਿਣ ਤੋਂ ਪਹਿਲਾਂ ਹੀ ਬੁਰਾ ਕਰਨ ਵਾਲੇ ਨੂੰ ਮਾਰ ਦੇਣਾ ਚਾਹੀਦਾ ਹੈ। ਸੱਪ, ਬਿੱਛੂ ਅਤੇ ਸ਼ੇਰ ਨੂੰ ਜੰਮਦਿਆਂ ਹੀ ਮਾਰ ਦੇਣਾ ਚਾਹੀਦਾ ਹੈ, ਇਸੇ ਵਿੱਚ ਹੀ ਭਲਾ ਹੁੰਦਾ ਹੈ। ਸੋ ਨਵਾਬ ਸਾਹਿਬ! ਸੂਲਾਂ ਜੰਮਦੀਆਂ ਦੇ ਹੀ ਨੱਕੇ ਫੇਹ ਦੇਣੇ ਚਾਹੀਦੇ ਹਨ। ਬੁਰਾਈ ਨੂੰ ਜੜ੍ਹੋਂ ਹੀ ਪੁੱਟ ਦੇਣਾ ਚਾਹੀਦਾ ਹੈ।

ਨਵਾਬ : (ਦੀਵਾਨ ਸੁੱਚਾ ਨੰਦ ਵੱਲ ਤੱਕ ਕੇ) ਦੀਵਾਨ ਸਾਹਿਬ, ਤੁਸੀਂ ਦੱਸੋ, ਤੁਹਾਡੀ ਕੀ ਰਾਇ ਹੈ? ਤੁਸੀਂ ਬੜੇ ਸਿਆਦੇ ਤੇ ਸਮਝਦਾਰ ਹਿੰਦੂ ਹੋ। ਤੁਸੀਂ ਕੀ ਸਲਾਹ ਦਿੰਦੇ ਹੋ, ਇਸ ਮਾਮਲੇ ਵਿੱਚ।

ਸੁੱਚਾ ਨੰਦ : ਹਜ਼ੂਰ! ਮੇਰੀ ਵੀ ਇਹੋ ਰਾਇ ਹੈ ਜੋ ਕਾਜ਼ੀ ਤੇ ਮੁੱਲਾਂ ਸਾਹਿਬ ਨੇ ਦਿੱਤੀ ਹੈ। ਮੈਂ ਭਾਵੇਂ ਖੱਤਰੀ ਹਿੰਦੂ ਹਾਂ ਤੇ ਸ਼ਰ੍ਹਾ ਨਾਲ ਭਾਵੇਂ ਮੇਰਾ ਕੋਈ ਲੈਣ-ਦੇਣ ਨਹੀਂ ਹੈ, ਪਰ ਮੈਂ ਤਾਂ ਇਨਸਾਫ਼ ਦੀ ਗੱਲ ਕਰਦਾ ਹਾਂ। ਇਨਸਾਫ਼ ਤਾਂ ਇਹ ਕਹਿੰਦਾ ਹੈ ਕਿ ਦੁਸ਼ਮਨ ਨੂੰ ਵੇਖਦੇ ਸਾਰ ਹੀ ਮਾਰ ਦੇਣਾ ਚਾਹੀਦਾ ਹੈ। ਜਿਥੋਂ ਤੱਕ ਹੋ ਸਕੇ ਵੈਰੀ ਦੀ ਵਹੁਟੀ, ਧੀਆਂ ਪੁੱਤਾਂ ਨੂੰ ਵੇਖਦੇ ਹੀ ਮਾਰ ਦੇਣਾ ਚਾਹੀਦਾ ਹੈ। ਤੁਹਾਡੇ ਹੱਥ ਤਾਂ ਗੁਰੂ ਦੇ ਬੱਚੇ ਲੱਗੇ ਨੇ। ਇਹ ਤਾਂ ਹਕੂਮਤ ਦੇ ਦੁਸ਼ਮਨ ਹਨ, ਇਨ੍ਹਾਂ ਉੱਤੇ ਰਹਿਮ ਕਰਨਾ ਕਦੇ ਵੀ ਠੀਕ ਨਹੀਂ ਹੈ। ਇਸ ਵਾਸਤੇ ਬਿਲਕੁਲ ਨਾ ਡਰੋ। ਕਰ ਦਿਉ ਇਨ੍ਹਾਂ ਬੱਚਿਆਂ ਦਾ ਕੰਮ ਤਮਾਮ। ਹੋ ਜਾਉ ਸੁਰਖਰੂ ਨਿਤ ਦੀ ਚਿੰਤਾ ਤੋਂ।

ਨਵਾਬ ਮਲੇਰਕੋਟਲਾ : ਜਨਾਬ-ਏ-ਆਲੀ, ਤੁਹਾਡਾ ਚੰਗਾ ਨਾਮ ਹੈ। ਤੁਹਾਡੀ ਚੰਗੀ ਸ਼ੁਹਰਤ ਹੈ। ਇਸ ਲਈ ਤੁਹਾਨੂੰ ਉਹ ਹੀ ਕੰਮ ਕਰਨੇ ਚਾਹੀਦੇ ਹਨ ਜੋ ਨੇਕੀ ਵੱਲ ਲੈ ਕੇ ਜਾਂਦੇ ਹੋਣ। ਉਹ ਕੰਮ ਕਰੋ, ਜਿਨ੍ਹਾਂ ਨੂੰ ਦੁਨੀਆ ਨੇਕ ਕੰਮ ਕਹੇ ਤੇ ਹਮੇਸ਼ਾ ਲਈ ਯਾਦ ਰੱਖੇ। ਦਿਨ ਵੇਲੇ ਚਮਕਦਾ ਸੋਨਾ ਵੇਖ ਕੇ ਉਸ ਨੂੰ ਰਾਤ ਨੂੰ ਬੁਰਾ ਨਹੀਂ ਕਹਿਣਾ ਚਾਹੀਦਾ। ਤੇ ਨਾ ਹੀ ਰਾਤ ਨੂੰ ਤਾਰੇ ਚਮਕਦੇ ਵੇਖ ਕੇ ਦਿਨ ਨੂੰ ਬੁਰਾ ਕਹਿਣਾ ਚਾਹੀਦਾ ਹੈ। ਸੂਰਜ ਵੱਲ ਵੇਖੋ, ਜਿਸ ਨੇ ਦਿਨ ਤੇ ਰਾਤ ਪੈਦਾ ਕੀਤੇ ਹਨ। ਦਿਨ ਅਤੇ ਰਾਤ ਵਿੱਚ ਬੜਾ ਫ਼ਰਕ ਹੈ ਪਰ ਇਹ ਦੋਵੇਂ ਹੀ ਸੂਰਜ ਦੇ ਜਾਏ ਹਨ। ਹਿੰਦੂ ਤੇ ਮੁਸਲਮਾਨ ਦੋਵੇਂ ਇਕ ਦੂਜੇ ਦੇ ਉਲਟ ਚਲ ਰਹੇ ਹਨ। ਪਰ ਅੱਲ੍ਹਾ ਤਾਅਲਾ ਨੇ ਇਨ੍ਹਾਂ ਦੋਹਾਂ ਨੂੰ ਇਕੋ ਜਿਹੀ ਜਾਨ ਬਖ਼ਸ਼ੀ ਹੈ। ਸੋ ਉਸ ਚਾਨਣ ਦੇ ਪੁੰਜ ਨੂੰ ਵੇਖੋ। ਸੋ ਅੱਲਾ ਦੇ ਬਣਾਇਆਂ ਨੂੰ ਖ਼ਤਮ ਕਰਨਾ ਬੜਾ ਵੱਡਾ ਪਾਪ ਏ। ਉਸ ਅੱਗੇ ਤਾਂ ਹਰ ਇਕ ਦਾ ਸਿਰ ਝੁਕਦਾ ਹੈ। ਸਿਆਣੇ ਕਹਿੰਦੇ ਹਨ ਉਸ ਦਾ ਹੱਥ ਗ਼ੈਬੀ ਹੁੰਦਾ ਹੈ। ਪਤਾ ਨਹੀਂ ਕਿਹੜੇ ਸਮੇਂ ਕੀ ਵਾਪਰ ਜਾਣਾ ਹੈ। ਕੁਦਰਤ ਅਤੇ ਉਸਦੇ ਕਾਦਰ ਦਾ ਕੋਈ ਭੇਤ ਨਹੀਂ ਪਾ ਸਕਿਆ। ਅੰਡੇ ਦੀ ਓਟ ਵਿੱਚ ਬੈਠਾ ਪੰਛੀ ਕਿਵੇਂ ਸਾਰੇ ਸੰਸਾਰ ਨੂੰ ਜਾਣ ਸਕਦਾ ਏ। ਜਿਸ ਬੋਟ ਦੇ ਅਜੇ ਖੰਭ ਹੀ ਨਹੀਂ ਨਿਕਲੇ, ਉਹ ਆਸਮਾਨ ਬਾਰੇ ਕੀ ਦੱਸ ਸਕਦਾ ਏ? ਇਹੋ ਹਾਲ ਸਾਡਾ ਇਨਸਾਨਾਂ ਦਾ ਹੈ। ਅਸੀਂ ਗ਼ੈਬ ਬਾਰੇ ਕੀ ਕਹਿ ਸਕਦੇ ਹਾਂ। ਕਿਸੇ ਨੂੰ ਕਤਲ ਕਰਨਾ, ਜਾਨੋਂ ਮਾਰ ਦੇਣਾ ਕੀ ਰੱਬ ਨੂੰ ਚੰਗਾ ਲੱਗਦਾ ਹੈ? ਅੱਲ੍ਹਾ ਨੂੰ ਕੀ ਚੰਗਾ ਲੱਗਦਾ ਹੈ, ਕੀ ਬੁਰਾ ਲੱਗਦਾ ਹੈ—ਇਸ ਬਾਰੇ ਅਸੀਂ ਕੀ ਕਹਿ ਸਕਦੇ ਹਾਂ।

ਨਵਾਬ : ਮਲੇਰਕੋਟਲਾ! ਤੇਰੀਆਂ ਗੱਲਾਂ ਸਭ ਦਰੁਸਤ ਨੇ। ਪਰ ਹਾਲਾਤ ਨੂੰ ਤਾਂ ਵੇਖ। ਮੈਨੂੰ ਵੀ ਤਾਂ ਕੋਈ ਰਾਹ ਨਹੀਂ ਸੁੱਝਦਾ ਪਿਆ। ਹਾਕਮਾਂ ਦੀ ਖ਼ੁਸ਼ੀ ਅਤੇ ਹਕੂਮਤ ਦੀ ਵਫ਼ਾਦਾਰੀ ਵੀ ਤਾਂ ਕੋਈ ਚੀਜ਼ ਹੈ?

ਨਵਾਬ ਮਲੇਰਕੋਟਲਾ : ਤੂੰ ਦੱਸ! ਹਾਕਮਾਂ ਦਾ ਹਾਕਮ ਵੀ ਤਾਂ ਉਪਰ ਬੈਠਾ ਏ। ਖ਼ੁਦਾਵੰਦ ਕਰੀਮ ਅੱਲ੍ਹਾ ਤਾਅਲਾ ਨੇ ਇਹ ਕਿਤੇ ਨਹੀਂ ਕਿਹਾ ਕਿ ਹਿੰਦੂ ਨੂੰ ਮਾਰਨਾ ਪੁੰਨ ਦਾ ਕੰਮ ਏ। ਕਹਿਣ ਨੂੰ ਤਾਂ ਜੋ ਮਰਜ਼ੀ ਕਹੀ ਜਾਈਏ, ਪਰ ਸਾਡੇ ਸਭ ਦੇ ਸਰੀਰ ਵਿੱਚ ਇਕੋ ਰੱਬ ਦੀ ਜੋਤ ਜਗਦੀ ਏ। ਉਸ ਜੋਤ ਤੋਂ ਰੌਸ਼ਨੀ ਪ੍ਰਾਪਤ ਕਰੋ ਤੇ ਦੱਸੋ ਕਿ ਉਹ ਕੀ ਰਾਹ

www.punjabilibrary.com

ਵਿਖਾ ਰਹੀ ਏ। ਸਾਡੀ ਜ਼ਮੀਰ ਇਸ ਗੱਲ ਦੀ ਇਜਾਜ਼ਤ ਬਿਲਕੁਲ ਨਹੀਂ ਦਿੰਦੀ ਕਿ ਕਿਸੇ ਦਾ ਨਾਸ਼ ਕੀਤਾ ਜਾਵੇ। ਫਿਰ ਇਨ੍ਹਾਂ ਨਿੱਕੇ ਨਿੱਕੇ ਮਾਸੂਮਾਂ ਨੂੰ ਮਾਰਨ ਦੀ ਇਜਾਜ਼ਤ ਸਾਡੀ ਜ਼ਮੀਰ ਬਿਲਕੁਲ ਨਹੀਂ ਦਿੰਦੀ। ਭਲਾ ਸੋਚੋ! ਅਗਰ ਤੁਹਾਡੇ ਬੱਚਿਆਂ ਨੂੰ ਕੋਈ ਹਿੰਦੂ ਪਕੜ ਲਵੇ ਤਾਂ ਤੁਹਾਡਾ ਕੀ ਹਾਲ ਹੋਵੇਗਾ? ਜ਼ਰਾ ਚੇਤੇ ਕਰੋ, ਅਜੇ ਪਿਛਲੇ ਹੀ ਸਾਲ ਦੀ ਗੱਲ ਹੈ ਜਦੋਂ ਰਾਜਾ ਨਾਹਰਦੀਨ ਟਿਵਾਣਾ ਲੜਾਈ ਵਿੱਚ ਮਾਰਿਆ ਗਿਆ ਸੀ ਤੇ ਸਿੰਘ...ਉਸ ਦੀਆਂ ਵਹੁਟੀਆਂ ਤੇ ਬੱਚਿਆਂ ਨੂੰ ਫੜ ਕੇ ਸਤਿਗੁਰੂ ਦੇ ਪਾਸ ਲੈ ਗਏ ਸਨ ਤੇ ਪੁੱਛਿਆ ਸੀ ਕਿ ਇਨ੍ਹਾਂ ਨਾਲ ਕੀ ਸਲੂਕ ਕੀਤਾ ਜਾਵੇ ਤਾਂ ਉਹ ਸੱਚਾ ਗੁਰੂ ਬੋਲਿਆ ਸੀ ਕਿ ਇਨ੍ਹਾਂ ਬੇਗਮਾਂ ਨੂੰ ਜ਼ਨਾਨ ਖ਼ਾਨੇ ਵਿੱਚ ਲੈ ਜਾਉ ਤੇ ਇਨ੍ਹਾਂ ਦੀ ਜਾਨ ਮਾਲ ਦੀ ਰਾਖੀ ਕਰੋ। ਇਨ੍ਹਾਂ ਬੇਗਮਾਂ ਤੇ ਬੱਚਿਆਂ ਦੀਆਂ ਅੱਖਾਂ ਵਿੱਚ ਅੱਥਰੂ ਨਹੀਂ ਆਉਣੇ ਚਾਹੀਦੇ। ਸਿੰਘਾਂ ਨੇ ਆਪਣੇ ਗੁਰੂ ਦਾ ਹੁਕਮ ਮੰਨ ਕੇ ਉਨ੍ਹਾਂ ਨੂੰ ਸਹੀ ਸਲਾਮਤ ਇਥੇ ਪਹੁੰਚ ਦਿੱਤਾ ਸੀ। ਉਥੇ ਉਨ੍ਹਾਂ ਬੱਚਿਆਂ ਤੇ ਬੇਗਮਾਂ ਦੀ ਜਿਸ ਤਰ੍ਹਾਂ ਖ਼ਾਤਿਰ ਕੀਤੀ ਸੀ ਕੋਈ ਦੋਸਤ ਜਾਂ ਰਿਸ਼ਤੇਦਾਰ ਵੀ ਨਹੀਂ ਕਰਦਾ। ਬੱਚਿਆਂ ਤੇ ਬੇਗਮਾਂ ਦਾ ਵਾਲ ਵੀ ਵਿੰਗਾ ਨਹੀਂ ਸੀ ਹੋਇਆ। ਤੁਹਾਨੂੰ ਇਸ ਤੋਂ ਸਬਕ ਲੈਣਾ ਚਾਹੀਦਾ ਹੈ ਤੇ ਇਸੇ ਹੀ ਤਰ੍ਹਾਂ ਕਰਨਾ ਚਾਹੀਦਾ ਹੈ। ਇਨ੍ਹਾਂ ਦੀ ਬਿਰਧ ਦਾਦੀ ਦੀ ਇੱਜ਼ਤ ਕਰੋ ਤੇ ਇਨ੍ਹਾਂ ਬੱਚਿਆਂ ਨੂੰ ਕੁਝ ਨਾ ਕਹੋ। ਮੈਂ ਖ਼ੁਦ, ਤੁਹਾਨੂੰ ਪਤਾ ਹੈ, ਇਸ ਗੁਰੂ ਨਾਲ ਜੰਗ ਕੀਤੀ ਸੀ ਤੇ ਹੁਣ ਫਿਰ ਜੰਗ ਕਰਨ ਲਈ ਤਿਆਰ ਹਾਂ, ਪਰ ਇਨ੍ਹਾਂ ਮਾਸੂਮਾਂ ਉੱਤੇ ਹੱਥ ਉਠਾਉਂਦਿਆਂ ਮੈਨੂੰ ਸ਼ਰਮ ਆਉਂਦੀ ਏ। ਇਨ੍ਹਾਂ ਦੁੱਧ ਪੀਂਦੇ ਬੱਚਿਆਂ ਉੱਤੇ ਹੱਥ ਉਠਾਉਣ ਦੀ ਮੇਰੀ ਜ਼ਮੀਰ ਬਿਲਕੁਲ ਆਗਿਆ ਨਹੀਂ ਦਿੰਦੀ। ਮੇਰਾ ਰੱਬ, ਮੇਰਾ ਰਸੂਲ ਮੁਹੰਮਦ ਵੀ ਇਸ ਗੁਨਾਹ ਨੂੰ ਕਰਨ ਦੀ ਆਗਿਆ ਨਹੀਂ ਦਿੰਦੇ। ਨਾ ਹੀ ਇਹ ਕੋਈ ਬਹਾਦਰੀ ਵਾਲਾ ਕਾਰਨਾਮਾ ਏਂ। ਮੈਂ ਇਸ ਗੱਲ ਵਿੱਚ ਯਕੀਨ ਰੱਖਦਾ ਹਾਂ ਕਿ ਇਨ੍ਹਾਂ ਮਾਸੂਮਾਂ ਨੂੰ ਮਾਰਨ ਦੀ ਇਸਲਾਮ ਹਰਗਿਜ਼ ਇਜਾਜ਼ਤ ਨਹੀਂ ਦਿੰਦਾ। ਸੋ ਇਹ ਗੁਨਾਹ ਬਿਲਕੁਲ ਨਾ ਕਰੋ।

ਸ਼ਜਾਬੁੱਦੀਨ : ਮਲੇਰਕੋਟੀਆ! ਤੈਨੂੰ ਕੀ ਪਤਾ ਸ਼ਰ੍ਹਾ ਸ਼ਰੀਅਤ ਤੇ ਮਜ਼ਹਬੀ ਕਾਨੂੰਨ ਕੀ ਹੁੰਦੇ ਨੇ। ਤੂੰ ਤਾਂ ਇਕ ਸਿਪਾਹੀ ਹੈਂ, ਤੈਨੂੰ ਇਨ੍ਹਾਂ

ਗੱਲਾਂ ਦਾ ਕੀ ਪਤਾ? ਤੂੰ ਨਾਗਾਂ ਦੇ ਬੱਚਿਆਂ ਨੂੰ ਪਿਆਰ ਕਰਦਾ ਹੈਂ ਤੇ ਸ਼ਰ੍ਹਾ ਦੇ ਖਿਲਾਫ਼ ਬੋਲਦਾ ਹੈਂ। ਤੂੰ ਦੱਸ, ਤੂੰ ਸ਼ਰ੍ਹਾ ਦੇ ਖਿਲਾਫ਼ ਕਿਉਂ ਹੋ ਗਿਆ ਏਂ? ਸੂਫੀ ਬਣ ਗਿਆ ਹੈਂ ਜਾਂ ਵੇਦਾਂਤੀ ਹਿੰਦੂ ਹੋ ਗਿਆ ਏਂ? ਤੂੰ ਇਹ ਪੱਖਪਾਤੀ ਵਿਚਾਰ ਕਿਵੇਂ ਬਣਾ ਲਏ ਨੇ। ਸੱਚ ਸੱਚ ਦੱਸ ਤੂੰ ਦੁਸ਼ਮਨ ਨੂੰ ਮਾਰਨ ਤੋਂ ਕਿਉਂ ਡਰ ਰਿਹਾ ਏਂ?

ਨਵਾਬ : ਸ਼ਹਾਬੋਦੀਨਾ! ਆਪਣੀ ਜ਼ੁਬਾਨ ਨੂੰ ਜ਼ਰਾ ਲਗਾਮ ਦੇ। ਜ਼ਰਾ ਹੋਸ਼ ਨਾਲ ਬੋਲ। ਤੈਨੂੰ ਪਤਾ ਏ ਇਹ ਇਕ ਗੁਪਤ ਸਥਾਨ ਏ ਤੇ ਅਸੀਂ ਮਾਰੇ ਗੁਪਤ ਗਲ ਬਾਤ ਕਰ ਰਹੇ ਹਾਂ।

ਕਾਜ਼ੀ : ਇਥੇ ਸ਼ਰ੍ਹਾ ਦੇ ਉਲਟ ਕੋਈ ਗੱਲ ਕਰਨੀ ਨਾ-ਮੁਮਕਿਨ ਏ। ਇਥੇ ਸਾਰੇ ਆਲਮਾਂ ਨੇ ਜੋ ਦਲੀਲਾਂ ਦਿੱਤੀਆਂ ਹਨ, ਉਹ ਠੀਕ ਹਨ। ਜੇ ਕਿਸੇ ਮੁਸਲਮਾਨ ਦੇ ਘਰ ਹਿੰਦੂ ਔਰਤ ਵੱਸਦੀ ਹੋਵੇ ਤੇ ਉਹ ਸ਼ਰ੍ਹਾ ਨੂੰ ਮੰਨਣ ਤੋਂ ਇਨਕਾਰੀ ਹੋਵੇ ਤਾਂ ਉਸ ਦੀ ਗਰਦਨ ਕੱਟ ਦਿੱਤੀ ਜਾਣੀ ਚਾਹੀਦੀ ਹੈ। ਆਪਣਾ ਹੀ ਪੁੱਤਰ ਜੇ ਸ਼ਰ੍ਹਾ ਦੇ ਉਲਟ ਜਾ ਰਿਹਾ ਹੋਵੇ ਤਾਂ ਉਸ ਨੂੰ ਵੀ ਜਾਨੋਂ ਮਾਰ ਦਿੱਤਾ ਜਾਣਾ ਚਾਹੀਦਾ ਹੈ। ਇਸ ਲਈ ਬਾਦਸ਼ਾਹ ਨਾਲ ਬਣਾ ਕੇ ਰੱਖਣ ਵਿੱਚ ਹੀ ਫ਼ਾਇਦਾ ਹੈ।

ਨਵਾਬ : (ਆਪਣੇ ਮਨ ਨਾਲ ਸੋਚਦਾ ਹੈ) ਰਾਤ ਵੇਲੇ ਮੇਰੀ ਅਤੇ ਬੇਗਮ ਦੀ ਜੋ ਗੱਲਬਾਤ ਹੋਈ ਹੈ, ਉਹ ਜ਼ਰੂਰ ਕੋਈ ਗੋਲੀ ਜਾਂ ਬਾਂਦੀ ਸੁਣਦੀ ਰਹੀ ਹੈ ਤੇ ਉਸ ਨੇ ਸਾਰਾ ਭੇਤ ਇਥੇ ਖੋਲ੍ਹ ਦਿੱਤਾ ਹੈ। ਹੁਣ ਤਾਂ ਮੇਰੇ ਵਾਸਤੇ ਆਪਣੀ ਇੱਜ਼ਤ ਦੀ ਲਾਜ ਰੱਖਣੀ ਔਖੀ ਹੋ ਗਈ ਹੈ। ਇਹ ਸਾਰੇ ਹੀ ਕਹਿ ਰਹੇ ਹਨ ਕਿ ਪਤਨੀ ਨਾਲ ਝੂਠ ਬੋਲਣਾ ਬੁਰਾ ਨਹੀਂ ਹੁੰਦਾ। ਇਹ ਕੋਈ ਬੁਰੀ ਗੱਲ ਨਹੀਂ ਹੈ। ਮੈਂ ਜ਼ਰੂਰ ਆਪਣੀ ਬੇਗਮ ਨੂੰ ਕਿਸੇ ਬਹਾਨੇ ਨਾਲ ਟਾਲ ਦੇਵਾਂਗਾ। ਗੁੱਸਾ ਗਿਲਾ ਕਰ ਕੇ, ਤਕਰਾਰ ਕਰ ਕੇ ਆਪੇ ਹੀ ਮੰਨ ਜਾਏਗੀ। ਮੈਂ ਪਿਆਰ ਨਾਲ ਉਸਨੂੰ ਮੰਨਾ ਲਵਾਂਗਾ।

ਨਵਾਬ : (ਸਾਰਿਆਂ ਨੂੰ ਸੰਬੋਧਿਤ ਹੋ ਕੇ) ਬੋਲੋ ਇਸ ਬਾਰੇ ਬੋਲੋ, ਮੇਰੇ ਸਾਰੇ ਮੁਸਾਹਿਬੋ, ਵਜ਼ੀਰੋ ਤੇ ਅਮੀਰੋ, ਬੋਲੋ! ਖੁੱਲ੍ਹ ਕੇ ਬੋਲੋ!
(ਸਾਰੇ ਹੀ ਇਕ ਆਵਾਜ਼ ਹੋ ਕੇ ਕਹਿੰਦੇ ਹਨ ਕਿ ਹੱਥ ਆਏ ਸ਼ਿਕਾਰ ਨੂੰ ਛੱਡਦਾ ਨਹੀਂ ਚਾਹੀਦਾ।)

www.punjabilibrary.com

ਨਵਾਬ : ਜੇ ਤੁਸੀਂ ਸਾਰੇ ਇਕ ਜ਼ੁਬਾਨ ਹੋ ਕੇ ਆਖਦੇ ਹੋ ਕਿ ਇਨ੍ਹਾਂ ਨੂੰ ਮਾਰ ਦੇਣਾ ਚਾਹੀਦਾ ਹੈ ਤਾਂ ਮੈਂ ਵੀ ਇਹੋ ਹੀ ਚਾਹੁੰਦਾ ਹਾਂ। ਜੇ ਇਹ ਬੱਚੇ ਦੀਨ-ਇਸਲਾਮ ਨੂੰ ਕਬੂਲ ਕਰਨ ਤੋਂ ਨਾਂਹ ਕਰਦੇ ਹਨ ਤਾਂ ਇਨ੍ਹਾਂ ਨੂੰ ਮਾਰ ਦੇਣਾ ਹੀ ਠੀਕ ਹੈ। ਚੱਲੋ ਹੁਣ ਮਜਲਿਸ-ਏ-ਆਮਾ ਵਿੱਚ ਚਲੀਏ ਜਿਥੇ ਦਰਬਾਰ ਲੱਗਣਾ ਹੈ। ਅਸਾਂ ਜੋ ਫ਼ੈਸਲਾ ਇਸ ਗੁਪਤ ਥਾਂ ਤੇ ਸਲਾਹ ਮਸ਼ਵਰਾ ਕਰ ਕੇ ਕੀਤਾ ਹੈ, ਉਸ ਨੂੰ ਪੂਰਾ ਕਰ ਵਿਖਾਈਏ। ਇਸ ਤਰ੍ਹਾਂ ਕਰਨਾ ਹੀ ਸਾਡੇ ਸਾਰਿਆਂ ਲਈ ਫ਼ਾਇਦੇਮੰਦ ਹੈ।

ਮਲੇਰਕੋਟਲਾ : ਨਵਾਬ ਸਾਹਿਬ! ਮੇਰੀ ਰਾਇ ਤੁਹਾਡੇ ਨਾਲ ਨਹੀਂ ਜੇ ਰਲਦੀ। ਮੈਂ ਇਹ ਗੱਲ ਮਜਲਿਸ-ਆਮ ਵਿੱਚ ਵੀ ਖੁੱਲ੍ਹੇ ਆਮ ਕਹਾਂਗਾ। ਮੈਂ ਸੱਚੋ ਸੱਚ ਪੁਕਾਰ ਪੁਕਾਰ ਕੇ ਕਹਾਂਗਾ ਕਿ ਇਨ੍ਹਾਂ ਬੱਚਿਆਂ ਨੂੰ ਬਿਲਕੁਲ ਨਾ ਮਾਰਿਆ ਜਾਵੇ। ਇਨ੍ਹਾਂ ਨੂੰ ਮਾਰਨਾ ਇਕ ਜ਼ੁਲਮ ਹੈ, ਘੋਰ ਜ਼ੁਲਮ ਹੈ।

ਨਵਾਬ : ਜੋ ਤੈਨੂੰ ਚੰਗਾ ਲੱਗਦਾ ਏ ਤੂੰ ਕਰੀਂ, ਪਰ ਸੱਚੀ ਗੱਲ ਤਾਂ ਇਹ ਹੈ ਕਿ ਜੇ ਇਹ ਬੱਚੇ ਦੀਨ ਇਸਲਾਮ ਨੂੰ ਨਹੀਂ ਮੰਨਦੇ, ਨਹੀਂ ਕਬੂਲ ਕਰਦੇ ਤਾਂ ਇਨ੍ਹਾਂ ਨੂੰ ਮਾਰ ਦੇਣਾ ਹੀ ਮੁਨਾਸਿਬ ਹੈ।

ਇਸ ਮਗਰੋਂ ਸਾਰੇ ਹੀ ਉਠ ਕੇ ਦਰਬਾਰ ਵਿੱਚ ਚਲੇ ਜਾਂਦੇ ਹਨ। ਸਾਹਿਬਜ਼ਾਦਿਆਂ ਨੂੰ ਉਥੇ ਸੱਦਿਆ ਜਾਂਦਾ ਹੈ। ਉਨ੍ਹਾਂ ਨਾਲ ਬਹਿਸ ਹੁੰਦੀ ਹੈ। ਕਾਜ਼ੀ ਆਪਣਾ ਫ਼ਤਵਾ ਸੁਣਾ ਦਿੰਦੇ ਹਨ। ਮਲੇਰਕੋਟਲਾ, ਫਿਰ ਉਨ੍ਹਾਂ ਨੂੰ ਨਾ ਮਾਰਨ ਦੀ ਦੁਹਾਈ ਦਿੰਦਾ ਹੈ। ਪਰ ਉਸ ਦੀ ਕੋਈ ਨਹੀਂ ਸੁਣਦਾ। ਅਖੀਰ 'ਤੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ। ਇਸ ਮਗਰੋਂ ਉਸ ਪੱਥਰ ਦਿਲ ਤੇ ਬੇਰਹਿਮ ਨਵਾਬ ਦਾ ਦਿਲ ਵੀ ਉਦਾਸ ਹੋ ਜਾਂਦਾ ਹੈ। ਉਹ ਭਰੇ ਹੋਏ ਮਨ ਅਤੇ ਟੁੱਟੇ ਹੋਏ ਦਿਲ ਨਾਲ ਮਹੱਲਾਂ ਵਿੱਚ ਆਉਂਦਾ ਹੈ। ਬੇਗਮ ਜ਼ੈਨਾ ਨੂੰ ਇਸ ਸਾਰੇ ਕਾਰੇ ਬਾਰੇ ਪਤਾ ਲੱਗ ਚੁੱਕਾ ਹੁੰਦਾ ਹੈ ਤੇ ਉਹ ਨਵਾਬ ਦੇ ਮਹੱਲਾਂ ਵਿੱਚ ਪਹੁੰਚਣ ਸਮੇਂ ਰੋ ਰਹੀ ਹੁੰਦੀ ਹੈ।

ਅੰਕ ਤੀਜਾ

ਸਥਾਨ: ਸਰਹੰਦ ਦਾ ਰਾਜ ਮਹੱਲ। ਬੈਗਮ ਜ਼ੈਨਾ ਦਾ ਕਮਰਾ
(ਜਦੋਂ ਮੰਚ 'ਤੇ ਰੌਸ਼ਨੀ ਪੈਂਦੀ ਹੈ ਤਾਂ ਬੇਗਮ ਰੋ ਰਹੀ ਹੁੰਦੀ ਹੈ। ਉਸ ਨੂੰ ਨਵਾਬ ਵੱਲੋਂ ਕੀਤੇ ਕੁਕਰਮ ਦਾ ਪਤਾ ਲੱਗ ਗਿਆ ਹੁੰਦਾ ਹੈ।)

ਬੇਗਮ : (ਰੋਂਦੀ ਹੋਈ) ਇਹ ਕੀ ਕਹਿਰ ਵਰਤ ਗਿਆ ਹੈ। ਰੱਬ ਦੇ ਬੱਚਿਆਂ ਨੂੰ ਮਾਰ ਦਿੱਤਾ ਗਿਆ ਹੈ। ਹੁਣ ਉਹ ਰੱਬ ਸਾਡੇ ਉੱਤੇ ਕਹਿਰ ਵਰਸਾਏਗਾ। ਹਾਇ, ਨੀ ਮੇਰੀਏ ਮਾਂ! ਮੈਨੂੰ ਜਿਉਂਦੀ ਨੂੰ ਹੀ ਕਿਉਂ ਨਾ ਮਾਰ ਦਿੱਤਾ ਤੂੰ। ਮੇਰੀ ਜਾਨ ਕਿੰਨੀ ਮੁਸਬਤ ਵਿੱਚ ਫਸ ਗਈ ਹੈ। ਮੇਰੇ ਕੋਲ ਸਭ ਕੁਝ ਹੈ, ਦੌਲਤ ਹੈ, ਰੁਤਬਾ ਹੈ, ਸ਼ਾਨੋ ਸ਼ੌਥਤ ਹੈ, ਪਰ ਫਿਰ ਵੀ ਮੈਂ ਦੁੱਖ ਦੀ ਅੱਗ ਵਿੱਚ ਸੜ ਰਹੀ ਹਾਂ। ਮੇਰੇ ਦਿਲ ਨੂੰ ਘੇਰ ਪੈਂਦੀ ਏ ਇਹ ਸੋਚ ਕੇ ਕਿ ਸੁਖਾਂ ਨੇ ਮੇਰੇ ਵੱਲੋਂ ਕਿਉਂ ਮੂੰਹ ਮੋੜ ਲਿਆ ਹੈ। ਮੈਂ ਮੁਸਲਮਾਨ ਬਣ ਕੇ ਹਿੰਦੂ ਧਰਮ ਨੂੰ ਕਲੰਕਿਤ ਕੀਤਾ ਹੈ ਤੇ ਆਪਣੇ ਮਾਂ ਬਾਪ ਦਾ ਨਾਂ ਬਦਨਾਮ ਕੀਤਾ ਹੈ ਪਰ ਇਸ ਖ਼ਸਮ ਨੇ ਮੇਰੀ ਇਕ ਨਹੀਂ ਸੁਣੀ। ਮੈਂ ਕਾਹਨੂੰ ਇਸ ਦੁਸ਼ਟ ਨਵਾਬ ਨਾਲ ਪਿਆਰ ਪਾ ਲਿਆ। ਮੈਨੂੰ ਲਾਹਨਤ ਹੈ ਮੈਂ ਤਾਂ ਆਪਣਾ ਜਨਮ ਹੀ ਗਾਲ ਲਿਆ ਹੈ।

(ਇਸ ਦੌਰਾਨ ਬੜਾ ਦੁਖੀ ਤੇ ਉਦਾਸ ਹੋਇਆ ਨਵਾਬ ਕਮਰੇ ਵਿੱਚ ਦਾਖਲ ਹੁੰਦਾ ਹੈ।)

ਬੇਗਮ : (ਫਿਰ ਬੋਲਣਾ ਸ਼ੁਰੂ ਕਰਦੀ ਹੈ) ਹੁਣ ਉਦਾਸ ਹੋਣ ਤੇ ਦੁਖੀ ਹੋਣ ਦਾ ਕੀ ਫਾਇਦਾ। ਤੂੰ ਤਾਂ ਆਪਣਾ ਸੁਖਨ ਪਾਲਣੋਂ ਵੀ ਰਹਿ ਗਿਆ। ਕਸਾਈਆ! ਤੂੰ ਮਾਸੂਮ ਬੱਚਿਆਂ ਨੂੰ ਮਾਰ ਦਿੱਤਾ। ਉਨ੍ਹਾਂ ਮਾਸੂਮਾਂ, ਰੱਬ ਦੇ ਪਿਆਰਿਆਂ ਨੂੰ ਨੀਹਾਂ ਵਿੱਚ ਚਿਣ ਕੇ ਬੜਾ ਵੱਡਾ ਜ਼ੁਲਮ ਕੀਤਾ ਹੈ ਤੂੰ, ਬੜਾ ਭਾਰੀ ਗੁਨਾਹ ਕੀਤਾ ਹੈ ਤੂੰ। ਰੱਬ ਦਾ ਕਹਿਰ ਹੁਣ ਜ਼ਰੂਰ ਸਾਡੇ ਉੱਤੇ ਵਾਪਰੇਗਾ, ਜ਼ਰੂਰ ਕੋਈ ਭੂਚਾਲ ਆਏਗਾ, ਜ਼ਰੂਰ ਧਰਤੀ ਫਟੇਗੀ, ਗੜੇ ਪੈਣਗੇ, ਬਿਜਲੀਆਂ

www.punjabilibrary.com

ਕੜਕਣਗੀਆਂ। ਸਾਰਾ ਸ਼ਹਿਰ ਰੁੜ੍ਹ ਜਾਏਗਾ, ਸਾਰਾ ਸ਼ਹਿਰ ਗਰਕ ਜਾਏਗਾ। ਜਿਸ ਥਾਂ ਤੇ ਇਹੋ ਜਿਹਾ ਕਹਿਰ ਵਰਤੇ, ਉਹ ਰੱਬ ਦੇ ਕਹਿਰ ਤੋਂ ਕਿਵੇਂ ਬਚ ਸਕਦੀ ਹੈ। ਉਹ ਮਾਲੀ ਕਿਵੇਂ ਬਚ ਸਕਦਾ ਹੈ, ਜਿਸ ਨੇ ਰੱਬ ਦੇ ਬਾਗ਼ ਨੂੰ ਹੀ ਪੁੱਟ ਸੁੱਟਿਆ ਹੋਵੇ। ਤੂੰ ਰੱਬ ਦੇ ਬੱਚਿਆਂ ਨੂੰ ਮਾਰ ਕੇ ਆਪ ਕਿਵੇਂ ਬਚ ਸਕੇਂਗਾ। ਇਸ ਰੱਬ ਦੇ ਕਹਿਰ ਤੋਂ ਕਿਵੇਂ ਬਚੇਂਗਾ। ਮੈਨੂੰ ਤਾਂ ਲਗਦੈ ਤੇਰੇ ਨਾਲ ਤੇਰੀ ਇਹ ਮੁਗ਼ਲ ਹਕੂਮਤ ਵੀ ਗ਼ਰਕ ਜਾਵੇਗੀ। ਹੁਣ ਕੁਝ ਨਹੀਂ ਰਹਿਣਾ, ਹੁਣ ਕੁਝ ਨਹੀਂ ਬਚਣਾ।

ਨਵਾਬ : ਤੂੰ ਮੇਰੇ ਨਾਲ ਨਾਰਾਜ਼ ਨਾ ਹੋ, ਮੇਰੇ ਕੋਲੋਂ ਜੋ ਗੁਨਾਹ ਹੋ ਗਿਆ ਹੈ, ਤੂੰ ਬਖ਼ਸ਼ ਦੇ, ਮੈਨੂੰ ਮਾਫ਼ ਕਰ ਦੇ। ਹੋਰ ਲਾਹਨਤਾਂ ਨਾ ਪਾ, ਮੇਰਾ ਤਾਂ ਅੱਗੇ ਹੀ ਦਿਲ ਬੈਠਦਾ ਜਾਂਦਾ ਏ। ਇਹ ਵਾਕਿਆ ਹੀ ਬੜਾ ਵੱਡਾ ਕਹਿਰ ਹੋਇਆ ਹੈ ਤੇ ਮੈਨੂੰ ਖ਼ੁਦ ਨੂੰ ਸਾਰਿਆਂ ਤੋਂ ਡਰ ਲੱਗ ਰਿਹਾ ਹੈ। ਮੈਨੂੰ ਤਾਂ ਦਰਖ਼ਤਾਂ ਦੇ ਪੱਤਿਆਂ ਤੋਂ ਵੀ ਡਰ ਲੱਗ ਰਿਹਾ ਹੈ। ਮੈਨੂੰ ਤਾਂ ਇਹ ਧਰਤੀ ਵੀ ਹਿੱਲਦੀ ਮਹਿਸੂਸ ਹੁੰਦੀ ਹੈ, ਜਿਵੇਂ ਕੋਈ ਭੂਚਾਲ ਆ ਗਿਆ ਹੋਵੇ। ਚਾਰ ਚੁਫੇਰੇ ਖ਼ੌਫ਼ ਛਾਇਆ ਹੋਇਆ ਹੈ ਤੇ ਉੱਤੋਂ ਤੂੰ ਰੋ ਰੋ ਕੇ ਆਪਦਾ ਬੁਰਾ ਹਾਲ ਕੀਤਾ ਹੋਇਆ ਹੈ, ਹੌਸਲਾ ਰੱਖ ਤੇ ਮੈਨੂੰ ਵੀ ਹੌਸਲਾ ਦੇ। ਕੱਲ੍ਹ ਸੋਚਾਂਗਾ ਕਿ ਹੁਣ ਕੀ ਕਰਨਾ ਹੈ, ਜਿਸ ਨਾਲ ਦਸਵੇਂ ਗੁਰੂ ਨੂੰ ਵੀ ਇਸ ਦਾ ਪਤਾ ਨਾ ਲੱਗੇ।

ਬੇਗਮ : ਮੈਨੂੰ ਤਾਂ ਹਾਸਾ ਆਉਂਦੈ ਕਿ ਕਿਵੇਂ ਤੂੰ ਬੱਚਿਆਂ ਵਾਲੀਆਂ ਗੱਲਾਂ ਕਰ ਰਿਹਾ ਏਂ। ਤੂੰ ਮੇਰੇ ਨਾਲ ਕੀਤੇ ਕੌਲ ਨੂੰ ਪੂਰਾ ਨਾ ਕਰ ਕੇ ਆਪਣੀ ਇੱਜ਼ਤ ਹੀ ਗੁਆ ਲਈ ਏ। ਤੂੰ ਕਸਮਾਂ ਖਾ ਕੇ ਮੁਕਰ ਗਿਆ ਏਂ। ਮੈਂ ਰਾਤ ਨੂੰ ਰੋ ਰੋ ਕੇ ਜਿਹੜੀ ਗੱਲ ਤੈਨੂੰ ਕਹੀ ਸੀ, ਉਹ ਤੂੰ ਬਿਲਕੁਲ ਹੀ ਨਹੀਂ ਮੰਨੀ। ਕਾਜ਼ੀ ਤੇ ਮੁਫ਼ਤੀ ਦੁਸ਼ਟਾਂ ਨੇ ਤੈਨੂੰ ਰਾਜ਼ੀ ਕਰ ਲਿਆ। ਮਲੇਰਕੋਟਲੇ ਦੇ ਨਵਾਬ ਨੇ ਜੋ ਹਾਲ ਪੁਕਾਰ ਕੀਤੀ ਤੂੰ ਉਹ ਵੀ ਨਾ ਮੰਨੀ। ਤੇਰੇ 'ਤੇ ਕੁਝ ਵੀ ਅਸਰ ਨਾ ਹੋਇਆ। ਤੈਨੂੰ ਉਸ ਨੇ ਸਿੱਖ ਸੂਰਬੀਰਾਂ ਦੀ ਜਿਹੜੀ ਗੱਲ ਸੁਣਾਈ ਉਸ ਨੇ ਵੀ ਤੇਰੇ 'ਤੇ ਕੋਈ ਅਸਰ ਨਾ ਕੀਤਾ। ਤੈਨੂੰ ਹੁਣ ਗੁਰੂ ਤੋਂ ਡਰ ਨਹੀਂ ਲੱਗਦਾ, ਸਗੋਂ ਆਪਣੇ ਪਾਪਾਂ ਤੋਂ ਤੈਨੂੰ ਡਰ ਲੱਗ ਰਿਹਾ ਹੈ। ਗੁਰੂ ਤਾਂ ਰੱਬ ਦੇ ਭਾਣੇ ਵਿੱਚ ਵਿਸ਼ਵਾਸ ਰੱਖਦਾ ਹੈ ਤੇ ਕਿਸੇ ਉੱਤੇ ਗੁੱਸਾ ਗਿਲਾ ਨਹੀਂ ਕਰਦਾ। ਮਾਰ ਤਾਂ ਸਾਨੂੰ ਪੈਣੀ ਏਂ ਜਿਨ੍ਹਾਂ ਦਾ ਰਾਜ ਖੁੱਸ ਜਾਣਾ ਹੈ, ਸੁਖ ਆਰਾਮ ਖੁੱਸ ਜਾਣੇ ਨੇ।

ਨਵਾਬ : ਬੇਗਮੇਂ, ਮੈਂ ਕੀ ਕਰਦਾ, ਤੂੰ ਸਤੇ ਹੋਏ ਨੂੰ ਹੋਰ ਨਾ ਸਤਾ। ਸਗੋਂ ਮੈਨੂੰ ਹੌਸਲਾ ਦੇ। ਜੋ ਕੁਝ ਹੋ ਗਿਆ ਹੈ, ਉਸ ਨੂੰ ਭੁੱਲ ਜਾ। ਕੁਝ ਨਹੀਂ ਹੋਣ ਲੱਗਾ ਤੈਨੂੰ,

ਸਭ ਕੁਝ ਇਸੇ ਤਰ੍ਹਾਂ ਕਾਇਮ ਰਹੇਗਾ। ਹਕੂਮਤ ਤਾਂ ਮੇਰੇ ਵੱਲ ਹੈ। ਉਹ ਤਾਂ ਖ਼ੁਸ਼ ਹੋ ਕੇ ਮੇਰੇ ਤੇ ਹੋਰ ਅਨਾਇਤਾਂ ਕਰੇਗੀ। ਤੂੰ ਸਗੋਂ ਖ਼ੁਸ਼ ਹੋ, ਐਵੇਂ ਨਾ ਮਰਦੀ ਜਾ।

ਬੇਗਮ : ਮੈਂ ਤੈਨੂੰ ਕਿਵੇਂ ਸਮਝਾਵਾਂ? ਮੈਂ ਤਾਂ ਇਹ ਗੱਲ ਪੂਰੇ ਜ਼ੋਰ ਨਾਲ ਕਹਿੰਦੀ ਹਾਂ ਕਿ ਤੂੰ ਦਸਵੇਂ ਗੁਰੂ ਦੇ ਬੱਚਿਆਂ ਨੂੰ ਨਹੀਂ ਮਾਰਿਆ ਤੂੰ ਤਾਂ ਅੱਲ੍ਹਾ ਤਾਅਲਾ ਦੇ ਬੱਚਿਆਂ ਨੂੰ ਮਾਰਿਆ ਹੈ। ਹੁਣ ਅੱਲ੍ਹਾ ਤਾਅਲਾ ਸਾਡੇ ਉੱਤੇ ਜ਼ਰੂਰ ਕਹਿਰ ਢਾਹੇਗਾ। ਜ਼ਰੂਰ ਆਕਾਸ਼ ਤੋਂ ਕੋਈ ਫਰਿਸ਼ਤਾ ਉੱਤਰੇਗਾ। ਸਿੰਘ ਫ਼ੌਜਾਂ ਦੇ ਹੜ੍ਹ ਆ ਜਾਣਗੇ। ਉਹ ਇਸ ਹਕੂਮਤ ਨੂੰ ਜੜ੍ਹੋਂ ਪੁੱਟ ਕੇ ਸਭ ਕੁਝ ਰੋੜ੍ਹ ਕੇ ਲੈ ਜਾਣਗੇ। ਉਹ ਸਾਨੂੰ ਵੀ ਨਹੀਂ ਛੱਡਣਗੇ। ਅਸਾਂ ਵੀ ਤਾਂ ਅਤਿ ਦਾ ਜ਼ੁਲਮ ਕੀਤਾ ਹੈ। ਸਾਨੂੰ ਵੀ ਉਹ ਗੰਨੇ ਵਾਂਗ ਨਪੀੜ ਛੱਡਣਗੇ। ਸਿੰਘਾਂ ਦੀ ਫ਼ੌਜ ਨੂੰ ਘੱਟ ਨਾ ਸਮਝੀਂ। ਇਸ ਬਾਰੇ ਆਪਣੇ ਮਨ ਵਿੱਚੋਂ ਸਭ ਭਰਮ ਭੁਲੇਖੇ ਕੱਢ ਦੇ। ਨਿੱਕੀ ਜਿੰਨੀ ਚਿੰਗਿਆੜੀ ਲੱਖਾਂ ਮਣ ਲੱਕੜੀ ਨੂੰ ਸਾੜ ਕੇ ਸੁਆਹ ਕਰ ਦਿੰਦੀ ਏ। ਜਿਸ ਕਿਸੇ ਨੇ ਵੀ ਅੱਗ ਅਤੇ ਆਪਣੇ ਵੈਰੀ ਨੂੰ ਆਪਣੇ ਨਾਲੋਂ ਘੱਟ ਜਾਂ ਤੁੱਛ ਸਮਝਿਆ ਹੈ, ਉਹ ਬਰਬਾਦ ਹੋਇਆ ਹੈ। ਹੁਣ ਬੀਤਿਆ ਸਮਾਂ ਹੱਥ ਨਹੀਂ ਆਉਣਾ। ਸਿੱਖਾਂ ਨੂੰ ਜਦੋਂ ਇਸ ਸਾਰੇ ਮਾਜਰੇ ਦਾ ਪਤਾ ਲੱਗਾ ਤਾਂ ਉਨ੍ਹਾਂ ਦੇ ਪੈਰਾਂ ਨੂੰ ਅੱਗ ਲੱਗ ਜਾਵੇਗੀ ਉਹ ਮਾਰੋ ਮਾਰ ਕਰਦੇ ਸਾਡੇ ਉੱਤੇ ਆ ਚੜ੍ਹਨਗੇ। ਉਹ ਗੁੱਸਾ ਖਾ ਕੇ ਸਾਡੇ 'ਤੇ ਧਾਵਾ ਬੋਲਣਗੇ।

ਨਵਾਬ : ਕੁਝ ਨਹੀਂ ਹੋਣ ਲੱਗਾ, ਐਵੇਂ ਨਾ ਡਰੀ ਜਾ ਤੇ ਨਾਲੇ ਮੈਨੂੰ ਵੀ ਨਾ ਡਰਾ। ਮੈਂ ਜੋ ਕੁਝ ਕੀਤਾ ਹੈ, ਸ਼ਰ੍ਹਾ ਦੇ ਮੁਤਾਬਿਕ ਕੀਤਾ ਏ।

ਬੇਗਮ : ਤੂੰ ਵੇਖ ਲਈਂ, ਉਹ ਕਿਵੇਂ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਂਦੇ ਨੇ ਤੇ ਨਾਲੇ ਇਹ ਵੀ ਵੇਖ ਲਈਂ ਤੇਰੇ ਦਰਬਾਰੀਆਂ ਨੂੰ ਕਿਵੇਂ ਬੱਕਰੇ ਵਾਂਗ ਕੋਹ ਕੋਹ ਕੇ ਮਾਰਨਗੇ। ਜਿਨ੍ਹਾਂ ਬੱਚਿਆਂ ਨੂੰ ਤੂੰ ਮਾਰਿਐ, ਮੈਂ ਉਨ੍ਹਾਂ ਦੇ ਵੱਡੇ ਭਰਾਵਾਂ ਨੂੰ ਵੇਖਿਆ ਹੈ, ਉਹ ਕਿੰਨੇ ਬਹਾਦਰ ਹਨ। ਮੈਂ ਸਭ ਕੁਝ ਅੱਖੀਂ ਵੇਖਿਆ ਹੈ ਕਿ ਕਿਵੇਂ ਉਨ੍ਹਾਂ ਨੇ ਪਹਾੜੀ ਰਾਜਿਆਂ ਨੂੰ ਕੋਹ ਕੋਹ ਕੇ ਮਾਰਿਆ ਸੀ। ਪਹਾੜੀ ਰਾਜਿਆਂ ਦੇ ਮਹੱਲਾਂ ਵਿੱਚ ਜਦੋਂ ਮੈਂ ਨੌਕਰੀ ਕਰਦੀ ਸਾਂ, ਮੈਂ ਇਨ੍ਹਾਂ ਦਾ ਸਾਰਾ ਹਾਲ ਵੇਖਿਆ ਹੈ। ਮੈਨੂੰ ਉਮੀਦ ਹੈ, ਇਹ ਸਿੰਘ ਸੂਰਮੇ ਵੀ ਕਦੇ ਪਿੱਛੇ ਨਹੀਂ ਰਹਿਣਗੇ। ਥੋੜ੍ਹੇ ਚਿਰ ਨੂੰ ਹੀ ਵੇਖੀਂ ਉਹ ਦਾਅ ਮਾਰ ਕੇ ਸਾਡੇ ਉੱਤੇ ਟੁੱਟ ਪੈਣਗੇ। ਮੇਰੇ ਕੋਲੋਂ ਉਨ੍ਹਾਂ ਵੱਲੋਂ ਕੀਤੇ ਜਾਣ ਵਾਲੇ ਕਹਿਰ ਨੂੰ

www.punjabilibrary.com

ਨਹੀਂ ਵੇਖਿਆ ਜਾਣਾ। ਮੇਰੀ ਹੀ ਕਿਸਮਤ ਖੋਟੀ ਹੈ। ਹਾਇ ਮੇਰਿਆ ਰੱਬਾ! ਮੈਂ ਇਸ ਨੂੰ ਕਿਵੇਂ ਬਦਲਾਂ।

(ਆਕਾਸ਼ ਵਲ ਤੱਕਦੀ ਤੇ ਸਾਹਿਬਜ਼ਾਦਿਆਂ ਨੂੰ ਯਾਦ ਕਰਦੀ ਰੋਈ)

ਮੈਨੂੰ ਲਾਹਨਤ ਹੈ, ਜਿਸ ਨੇ ਇਸ ਨਵਾਬ ਦਾ ਧਨ ਦੌਲਤ ਵੇਖ ਕੇ ਆਪਣਾ ਦੀਨ ਧਰਮ ਗੁਆ ਲਿਆ। ਤੁਹਾਡੀ ਜੈ ਜੈ ਕਾਰ ਹੈ, ਜਿਨ੍ਹਾਂ ਨੇ ਧਰਮ ਨੂੰ ਪਾਲਿਆ ਹੈ, ਧਰਮ ਨੂੰ ਨਿਭਾਇਆ ਹੈ। ਮੈਨੂੰ ਵੀ ਆਪਣੇ ਨਾਲ ਆਪਣੀ ਦਾਸੀ ਬਣਾ ਕੇ ਲੈ ਜਾਂਦੇ। ਮੈਂ ਮੂਰਖ ਅੰਞਾਣ ਤੁਹਾਡੇ ਚਰਨਾਂ ਦੀ ਧੂੜ, ਤੁਹਾਡੇ ਦਰ 'ਤੇ ਢਹਿ ਪਈ ਹਾਂ। ਮੈਂ ਭਾਵੇਂ ਆਪਣਾ ਦੀਨ ਈਮਾਨ ਗੁਆ ਲਿਆ ਹੈ ਪਰ ਤੁਸੀਂ ਬਿਰਦ ਦੀ ਲਾਜ ਰੱਖੋ। ਤੁਸੀਂ ਛੋਟੇ ਹੋ ਕੇ ਵੀ ਮਹਾਨ ਹੋ, ਅਸੀਂ ਵੱਡੇ ਹੋ ਕੇ ਵੀ ਛੋਟੇ ਹਾਂ, ਬੇਸਮਝ ਹਾਂ। ਸਾਨੂੰ ਭੁਲਣਹਾਰਿਆਂ ਨੂੰ ਤੁਸੀਂ ਬਖ਼ਸ਼ ਲਉ। ਮੇਰੇ ਸਾਈਂ ਦੇ ਬੱਚਿਉ! ਮੈਨੂੰ ਬਖ਼ਸ਼ ਲਉ। ਮੈਨੂੰ ਵੀ ਆਪਣੇ ਚਰਨਾਂ ਵਿੱਚ ਥਾਂ ਦੇ ਦਿਉ। ਮੈਂ ਅਭਾਗਣ ਮੰਦੀ ਤੇ ਪਾਪਣ ਹਾਂ। ਮੈਂ ਜੇ ਇਸ ਤਰ੍ਹਾਂ ਜੀਂਦੀ ਰਹੀ ਤਾਂ ਖੁਆਰ ਹੋ ਕੇ ਮਰਾਂਗੀ। ਜੇ ਮੈਂ ਹੁਣ ਮਰਾਂਗੀ ਤਾਂ ਇੱਜ਼ਤ ਨਾਲ ਮਰਾਂਗੀ। ਮੇਰਾ ਇਥੇ ਕੋਈ ਆਪਣਾ ਨਹੀਂ, ਹੈ, ਕੋਈ ਅੰਗ ਸਾਕ ਨਹੀਂ। ਇਕੋ ਇਕ ਉਮੀਦ ਸੀ ਮੈਨੂੰ ਆਪਣੇ ਖਾਵੰਦ ਇਸ ਨਵਾਬ ਉੱਤੇ ਤੇ ਉਹ ਵੀ ਝੂਠਾ ਨਿਕਲਿਆ। ਕੀਤੇ ਕੌਲ ਨੂੰ ਨਹੀਂ ਨਿਭਾ ਸਕਿਆ। ਮੈਨੂੰ ਤਾਂ ਹੁਣ ਅੱਗੇ ਦਾ ਡਰ ਖਾ ਰਿਹਾ ਹੈ। ਹੇ ਦੀਨਾਂ ਦੁਖੀਆਂ ਦੇ ਨਾਥ! ਮੈਨੂੰ ਬਖ਼ਸ਼ ਲਓ। ਮੈਨੂੰ ਵੀ ਹੁਣ ਆਪਣੇ ਕੋਲ ਬੁਲਾ ਲਉ, ਮੈਨੂੰ ਵੀ ਧਰਮ ਰਾਜ ਨੂੰ ਫੜਾ ਦੇਣਾ ਕਿ ਮੈਂ ਹੀ ਉਹ ਦੁਸ਼ਟ ਪਾਪਣ ਹਾਂ ਜੋ ਤੁਹਾਨੂੰ ਬਚਾ ਨਹੀਂ ਸਕੀ। ਹੁਣ ਮੇਰਾ ਇਥੇ ਰਹਿਣਾ ਮੁਹਾਲ ਹੈ। ਮੈਨੂੰ ਹੌਸਲਾ ਦਿਉ ਕਿ ਮੈਂ ਵੀ ਤੁਹਾਡੇ ਚਰਨਾਂ ਵਿੱਚ ਪਹੁੰਚ ਜਾਵਾਂ।

(ਲੱਕ ਨਾਲ ਬੰਨ੍ਹੀ ਕਟਾਰ ਖਿੱਚ ਕੇ ਆਪਣੇ ਆਪ ਨੂੰ ਮਾਰ ਕੇ ਖ਼ੁਦ-ਕੁਸ਼ੀ ਕਰ ਲੈਂਦੀ ਹੈ। ਨਵਾਬ ਉਸ ਨੂੰ ਫੜਦਾ ਹੀ ਰਹਿ ਜਾਂਦਾ ਹੈ, ਪਰ ਉਹ ਤੜਪ ਤੜਪ ਕੇ ਦਮ ਤੋੜ ਦਿੰਦੀ ਹੈ।)

1) ਸੰਤੋਖ ਸਿੰਘ ਦਾ ਪੂਰਾ ਨਾਮ- ਭਾਈ ਸੰਤੋਖ ਸਿੰਘ - P- 9

2) ਪਿਤਾ ਦਾ ਅਸਲ ਨਾਮ — ਭਾਈ ਸੀ - P - 8

3) ਭਾਈ ਜੀ ਮਾਤਾ ਸੁਲਾਖੀ, ਗੁਰੂ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਸੁਣਕੇ ਸੀ,

4) ਭਾਈ ਜੀ ਦੇ ਸਾਰੇ ਸਾਹਿਤ ਸਰ, ਸਾਰੇ ਪਾਠ ਪੁੰਨਦੂ ਤੇ ਪਹਿਲਾ ਇਸ ਦਾ ਕੋਈ ਵਰਨ ਆਂ ਦੇ ਉਦਾਸ ਸਿੱਖ ਸੀ,

5) ਭਾਈ ਸਾਹਬ ਅਨੁਸਾਰ ਇਹਨਾਂ ਦੇ ਕੋਈ ਸਾਰੇ ਪਤਨੀ ਨੂੰ ਸਹਿਯੋਗ ਨਿਰੰਤਰ ਸੰਕਿਆ, ਸਾਰਿਆ ਦਰੀ ਸੀ,

P- 57

ਬਾਣੀ ਤੇ ਮੁੱਢਲਾ ਦਾ ਟਾਸ ਵੇਖਣਾ —

ਬਾਣੀ - (ਜੱਸ) ਬਾਣੀ ਉੱਦਰੇ ਭਏ ਸਿਮਰਤਿ

ਮੁੱਢਲਾ - (ਵਿਹਾਰ) ਪੰਤਿ ਮੁੱਢਲਾ ਭਰੇ ਦੇਵੇ

ਨਾਮ	:	**ਗੁਰਬਚਨ ਸਿੰਘ**
ਤਖ਼ੱਲੁਸ	:	ਰਾਹੀ
ਜਨਮ ਮਿਤੀ	:	12 ਅਪ੍ਰੈਲ, 1937
ਪਿਤਾ	:	ਸ. ਕਰਤਾਰ ਸਿੰਘ ਢੀਂਗਰਾ
ਮਾਤਾ	:	ਸ੍ਰੀਮਤੀ ਹਰਭਜਨ ਕੌਰ
ਵਿਦਿਅਕ ਯੋਗਤਾ	:	ਐੱਮ. ਏ. ਹਿਸਟਰੀ
		— ਐੱਮ. ਏ. ਪੰਜਾਬੀ ਫ਼ਸਟ ਕਲਾਸ ਫ਼ਸਟ (ਗੋਲਡ ਮੈਡਲਿਸਟ)
		— ਆਨਰਜ਼ ਇਨ ਪੰਜਾਬੀ (ਗਿਆਨੀ) ਸਰਟੀਫਿਕੇਟ ਕੋਰਸ ਇਨ ਪਰਸ਼ੀਅਨ (ਫ਼ਾਰਸੀ ਫ਼ਸਟ ਕਲਾਸ ਫ਼ਸਟ)
		— ਪੀ ਐੱਚ. ਡੀ. (ਧਾਰਮਿਕ ਨਾਟਕ ਦੀ ਪੰਜਾਬੀ ਰੰਗਮੰਚ ਨੂੰ ਦੇਣ)
ਵਿਵਸਾਇ	:	ਅਧਿਅਨ ਤੇ ਅਧਿਆਪਨ ਐਸੋਸੀਏਟ ਪ੍ਰੋਫ਼ੈਸਰ (ਰੀਟਾਇਰਡ) ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਪੰਜਾਬੀ ਗੌਰਮਿੰਟ ਮਹਿੰਦਰਾ ਕਾਲਜ, ਪਟਿਆਲਾ ਅਤੇ ਆਈ. ਏ. ਐੱਸ. ਟ੍ਰੇਨਿੰਗ ਸੈਂਟਰ ਪੰਜਾਬੀ ਯੂਨੀਵਰਸਿਟੀ, ਪਟਿਆਲਾ
ਨਿਵਾਸ	:	36 ਡਾਕਟਰਜ਼ ਐਨਕਲੇਵ, ਸਟੇਡੀਅਮ ਰੋਡ ਪਟਿਆਲਾ।

Read more like this at

www.punjabilibrary.com

SANGAM PUBLICATIONS
Sekhon Colony, Near Bus stand
Samana-147101 Distt. Patiala (Pb.)
Ph. 01764-223047,222347
Mob. 98152-43917
Sangambooks@rediffmail.com

ISBN 93-81316-95-3
9 789381 316955
₹ 100/-

www.punjabilibrary.com